# ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ ਭਾਗ ਪਹਿਲਾ ਸਮੈਸਟਰ ਪਹਿਲਾ

ਪੇਪਰ : ਦੂਜਾ (ਸਿੱਖਿਆ ਵਿਚ ਮਨੋਵਿਗਿਆਨ ਪਰਿਪੇਖ) ਯੂਨਿਟ : 1

ਮੀਡੀਅਮ : ਪੰਜਾਬੀ

**Last updated in June, 2025**

## ਪਾਠ ਨੰ.

1.1 : ਸਿਖਿਆ ਮਨੋਵਿਗਿਆਨ-ਅਰਥ, ਸਰੂਪ, ਵਿਸ਼ਾ-ਖੇਤਰ, ਉਦੇਸ਼ ਅਤੇ ਲੋੜ।

1.2 : ਵਾਧਾ ਅਤੇ ਵਿਕਾਸ : ਵਾਧੇ ਅਤੇ ਵਿਕਾਸ ਦੇ ਸਿਧਾਂਤ, ਸ਼ਿਸੂਕਾਲ ਅਤੇ ਬਚਪਨਕਾਲ ਵਿਚ ਸਰੀਰਕ, ਬੌਧਿਕ, ਭਾਵਨਾਤਮਕ ਅਤੇ ਸਮਾਜਿਕ ਵਿਕਾਸ ਦੀਆਂ ਵਿਸ਼ੇਸ਼ਤਾਵਾਂ।

1.3 : ਵਿਰਾਸਤ ਤੇ ਵਾਤਾਵਰਨ ਦਾ ਵਾਧਾ ਤੇ ਵਿਕਾਸ ਉੱਪਰ ਪ੍ਰਭਾਵ।

1.4 : ਕਿਸ਼ੋਰ ਅਵਸਥਾ : ਕਿਸ਼ੋਰ ਅਵਸਥਾ ਦੇ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ ਵਿਕਾਸ ਦੀਆਂ ਵਿਸ਼ੇਸ਼ਤਾਵਾਂ, ਕਿਸ਼ੋਰ ਅਵਸਥਾ ਦੀਆਂ ਸਮੱਸਿਆਵਾਂ ਅਤੇ ਕਿਸ਼ੋਰਾਂ ਦੀ ਸਿੱਖਿਆਂ।

1.5 : ਕਿਸੋਰਾਂ ਦੇ ਵਿਕਾਸ ਵਿੱਚ ਵੱਖ-ਵੱਖ ਏਜੰਸੀਆਂ ਦੀ ਭੂਮਿਕਾ।

**website : www.pbidde.org**

# PAPER-II: PSYCHOLOGICAL PERSPECTIVE IN EDUCATION

**SUBJECT CODE:** EDUBED1102T

Max. Marks: 100
External: 70
Internal: 30

## (A) COURSE OUTCOMES

After completion of the course the student teacher will be able to:

- Understand the concept, nature and scope of Educational Psychology with special reference to its importance to education.
- Understand the concept and principles of growth and development.
- Know the influence of heredity and environment on the child's growth and development.
- Understand the characteristics and problems of adolescents.
- Understand the role of family, school, community, mass-media and culture in the development of adolescents.
- Become aware of concept, causes and nature of individual differences.
- Understand the concept and major theories of intelligence and learning.
- Understand the types and techniques of motivation.
- Know the children with special needs and their education.

### SECTION-A

(i) Educational psychology- concept, nature, scope and importance.

(ii) Growth and development: meaning, difference, principles, influence of heredity and environment on growth and development of a child.

(iii)Indian Adolescents: Characteristics of emotional, social, cognitive and moral development, Problems of Indian adolescents. Role of family, school, community and mass-media in development of adolescents. Role of different cultures in the development of adolescents.

### SECTION-B

(iv) Individual differences: inter and intra individual differences, concept, causes and implications.

(v) Intelligence: concept, theories-Spearman, Thurstone and Gardner. Uses and limitations of Intelligence tests.

(vi) Learning: Meaning, process and factors affecting learning of an individual, Trial and error theory and classical conditioning theory.

(vii) Motivation: Concept, types and techniques, educational implications.

(viii) Learner with special needs: Meaning, types: gifted, delinquents, creative, slow learner and their educational programmes.

Head,
Department of Education & C.S.,
Punjabi University, Patiala

**Activities (Any one of the following)**

(i) Administration and interpretation of any one psychological test (Intelligence/motivation/ creativity).

(ii) Visit to a school and write a report on problems being faced by the students.

## (C) RECOMMENDED BOOKS


1. Dandapani, S. (2004) Advanced Educational Psychology. New Delhi: Anmol Publications Pvt. Ltd.
2. Bigge, M.C. & Row. (1971): Learning Theories for Teachers (2nd Collins.Ed.). N.Y.: Harper
3. Bower, G.H. and Hilgard, E.R. (1981) theories of Learning. Prentic Hall, Inc.Englewood Cliffs, New Jersey.
4. Woolfolk, A. (2006) Educational Psychology. New Delhi: Pearson Publications.
5. Hall, C.S., Gardener, L. and John, B.C. (2010) Theories of Personality. Delhi: Aggarwal Printing Press.
6. Anastasi, A. and Susana U. (2010) Psychological Testing. New Delhi: PHI LearningPvt. Ltd.
7. Aggarwal, J.C. (1995). Essentials of Educational Psychology, New Delhi: Vikas Publishing House Private Limited.
8. Allport, G.W. (1961). Pattern and Growth in Personality: New York.
9. Chauhan, S.S. (2002). Advanced Educational Psychology. New Delhi: VikasPublishing.
10. Gore, M.S. (1984). Education and Modernization in India. Jaipur:Rawat Publishers.
11. Havighurst, R. et al. (1995). Society and Education. Baston: Allyen ad Bacon
12. H.P.B Wheldall, K. (2006). Developments in Educatonal psychology. New York: Routledge.
13. Kamat, A.R.(1985). Education and Social Change in India. Bombay: SamaiyaPublishing Co.
14. Rinehart and Winston, Bhatia, K.K. (2008). Basis of Educational Psychology. Ludhiana: Kalyani Publishers.
15. Sharma, K.N. (1990). Systems, Theories and Modern Trends in Psychology.Agra: Woolfork.
16. Anita (2004). Educational Psychology: Reason Education (Singapore). New Delhi: Indian Branch.
17. Upadhya, B. & Singh Y.K.(2011). Encyclopaedia of Education Psychology.(vol. I to II).Delhi: APH
18. Crawford, W & De Cecco, J.P. *The Psychology of Learning and Instruction* Delhi:Previtice-Hall.
19. Kumar,R.(2009) *Child Development*.(Vol.I To II). New Delhi: APH


Head,
Department of Education & C.S.,
Punjabi University, Patiala

## (D) EVALUATION External ExaminationTime

| | |
|---|---|
| External Examination | 70 Marks |
| Time | 3 Hrs |
| Internal Assessment | 30 Marks |
| Attendance | 6 |
| Written Assignment/Project work/ Response Sheets | 12 |
| Two Mid-term Examinations/ House Test | 12 |

### INSTRUCTIONS FOR THE PAPER-SETTER

The question paper will consist of three Sections: A, B, and C. Section A and B will have four questions from the respective sections of the syllabus and will carry 12 marks each. Section C will consist of 11 questions of 2 marks each which will cover the entire syllabus uniformly and carry 22 marks in all.

## (E) INSTRUCTIONS FOR THE CANDIDATES

Candidates are required to attempt two questions each from the sections A and B and the entire section C.

Head,
Department of Education & C.S.,
Punjabi University, Patiala

**ਪਾਠ ਨੰਬਰ : 1.1**

# ਸਿੱਖਿਆ ਮਨੋਵਿਗਿਆਨ-ਅਰਥ, ਸਰੂਪ, ਵਿਸ਼ਾ-ਖੇਤਰ, ਉਦੇਸ਼ ਅਤੇ ਲੋੜ

**ਬਣਤਰ**

1.1.1 ਪਾਠ ਦੇ ਉਦੇਸ਼

1.1.2 ਭੂਮਿਕਾ

1.1.3 ਸਿੱਖਿਆ ਮਨੋਵਿਗਿਆਨ

1.1.3.1 ਸਿੱਖਿਆ ਦਾ ਅਰਥ

1.1.3.2 ਮਨੋਵਿਗਿਆਨ ਦਾ ਅਰਥ

1.1.3.3 ਸਿੱਖਿਆ ਮਨੋਵਿਗਿਆਨ ਦਾ ਅਰਥ ਅਤੇ ਪਰਿਭਾਸ਼ਾਵਾਂ

1.1.4 ਸਿੱਖਿਆ ਮਨੋਵਿਗਿਆਨ ਦਾ ਸਰੂਪ

1.1.5 ਸਿੱਖਿਆ ਮਨੋਵਿਗਿਆਨ ਦਾ ਵਿਸ਼ਾ-ਖੇਤਰ

1.1.6 ਸਿੱਖਿਆ ਮਨੋਵਿਗਿਆਨ ਦਾ ਉਦੇਸ਼

1.1.7 ਸਿੱਖਿਆ ਮਨੋਵਿਗਿਆਨ ਦਾ ਮੰਤਵ ਅਤੇ ਲੋੜ

1.1.8 ਸਾਰ

1.1.9 ਮੁੱਖ ਨੁਕਤੇ

1.1.10 ਸਵੈ-ਮੁਲਾਂਕਣ ਅਭਿਆਸ

1.1.11 ਸੁਝਾਏ ਪ੍ਰਸ਼ਨ

1.1.12 ਸੁਝਾਈਆਂ ਪੁਸਤਕਾਂ ਅਤੇ ਵੈਬ ਸਰੋਤ

## 1.1.2 ਉਦੇਸ਼ (Objectives)

ਇਸ ਪਾਠ ਨੂੰ ਪੜ੍ਹਨ ਉਪਰੰਤ ਬੱਚੇ__

(ੳ) ਸਿੱਖਿਆ ਮਨੋਵਿਗਿਆਨ ਦਾ ਅਰਥ ਅਤੇ ਪਰਿਭਾਸ਼ਾ ਦੱਸਣ ਯੋਗ ਹੋਣਗੇ।

(ਅ) ਸਿੱਖਿਆ ਮਨੋਵਿਗਿਆਨ ਦੇ ਸਰੂਪ ਦੀ ਵਿਆਖਿਆ ਕਰ ਸਕਣਗੇ।

(ੲ) ਸਿੱਖਿਆ ਮਨੋਵਿਗਿਆਨ ਦੇ ਖੇਤਰ ਬਾਰੇ ਚਰਚਾ ਕਰ ਸਕਣਗੇ।

(ਸ) ਅਧਿਆਪਕ ਲਈ ਸਿੱਖਿਆ ਮਨੋਵਿਗਿਆਨ ਦੀ ਲੋੜ ਬਾਰੇ ਚਰਚਾ ਕਰ ਸਕਣਗੇ।

## 1.1.1 ਭੂਮਿਕਾ (Introduction)

ਸਿੱਖਿਆ ਮਨੋਵਿਗਿਆਨ ਨੇ ਸਿੱਖਿਆ ਦੀ ਪ੍ਰਕਿਰਿਆ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਇਸ ਦਾ ਉਦੇਸ਼ ਅਧਿਆਪਕ ਦੀ ਅਗਵਾਈ ਕਰਨਾ ਹੈ ਤਾਂ ਕਿ ਅਧਿਆਪਕ ਸਿੱਖਿਆ ਦੇ ਖੇਤਰ ਅਤੇ ਉਸਦੀ ਪ੍ਰਕਿਰਿਆ ਨੂੰ ਚੰਗੀ ਤਰ੍ਹਾਂ ਸਮਝ ਸਕੇ। ਇਸੇ ਲਈ ਇਸ ਦੇ ਅਧਿਐਨ ਨੂੰ ਟੀਚਰ ਟਰੇਨਿੰਗ ਦਾ ਹਮੇਸ਼ਾਂ ਤੋਂ ਹੀ ਖਾਸ ਹਿੱਸਾ ਮੰਨਿਆ ਗਿਆ ਹੈ। ਜ਼ਿਆਦਾਤਰ ਵੇਖਿਆ ਗਿਆ ਹੈ ਕਿ ਸਮਾਨ ਵਿਦਿਅਕ ਯੋਗਤਾਵਾਂ ਹੋਣ ਤੇ ਵੀ ਦੋ ਅਧਿਆਪਕ ਜਮਾਤ ਵਿੱਚ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਵੱਖ-ਵੱਖ ਪ੍ਰਭਾਵ ਪਾਉਂਦੇ ਹਨ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇੱਕ ਚੰਗੇ ਅਤੇ ਪ੍ਰਭਾਵਸ਼ਾਲੀ ਅਧਿਆਪਕ ਬਣਨ ਲਈ ਵਿਸ਼ਾ-ਵਸਤੂ ਦੇ ਗਿਆਨ ਦੇ ਨਾਲ-ਨਾਲ ਸਿੱਖਿਆ ਮਨੋਵਿਗਿਆਨ ਦਾ ਵੀ ਗਿਆਨ ਹੋਣਾ ਬਹੁਤ ਜ਼ਰੂਰੀ ਹੈ।

ਸਿੱਖਿਆ ਮਨੋਵਿਗਿਆਨ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। ਇੱਕ ਸ਼ਬਦ **ਸਿੱਖਿਆ** ਹੈ ਅਤੇ ਦੂਸਰਾ ਹੈ **ਮਨੋਵਿਗਿਆਨ।**

ਇਸ ਪਾਠ ਵਿੱਚ ਅਸੀਂ ਸਿੱਖਿਆ ਮਨੋਵਿਗਿਆਨ ਦੇ ਅਰਥ, ਸਰੂਪ, ਖੇਤਰ, ਮੰਤਵ ਅਤੇ ਲੋੜ ਬਾਰੇ ਚਰਚਾ ਕਰਾਂਗੇ।

### 1.1.3 ਸਿੱਖਿਆ ਮਨੋਵਿਗਿਆਨ (Educational Psychology)

ਸਿੱਖਿਆ ਮਨੋਵਿਗਿਆਨ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ 'ਸਿੱਖਿਆ' ਅਤੇ 'ਮਨੋਵਿਗਿਆਨ'। ਸਿੱਖਿਆ ਮਨੋਵਿਗਿਆਨ ਦਾ ਅਰਥ 'ਸਿੱਖਿਆ' ਅਤੇ 'ਮਨੋਵਿਗਿਆਨ' ਦੋਹਾਂ ਖੇਤਰਾਂ ਵਿੱਚ ਮਿਲਦਾ ਹੈ। ਸਿੱਖਿਆ ਇੱਕ 'ਸਮਾਜਿਕ ਪ੍ਰਕਿਰਿਆ' ਹੈ ਅਤੇ ਮਨੋਵਿਗਿਆਨ ਇੱਕ 'ਵਿਵਹਾਰਿਕ ਵਿਗਿਆਨ' ਹੈ। ਇਸ ਲਈ ਸਿੱਖਿਆ ਮਨੋਵਿਗਿਆਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਤੋਂ ਪਹਿਲਾਂ ਸਾਨੂੰ ਸਿੱਖਿਆ ਅਤੇ ਮਨੋਵਿਗਿਆਨ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ।

### 1.1.3.1 ਸਿੱਖਿਆ ਦਾ ਅਰਥ (Meaning of Education)

ਸਿੱਖਿਆ (Education) ਸ਼ਬਦ ਦੀ ਉਤਪਤੀ ਲਤੀਨੀ ਭਾਸ਼ਾ ਦੇ ਸ਼ਬਦ ਐਜੂਕੇਅਰ (Educare) ਤੋਂ ਜਾਂ ਐਜੂਸੀਅਰ (Educere) ਤੋਂ ਜਾਂ ਐਜੂਕੇਟਮ (Educatum) ਤੋਂ ਹੋਈ ਹੈ। ਐਜੂਕੇਅਰ ਦਾ ਅਰਥ ਹੈ ਪਾਲਣ-ਪੋਸ਼ਣ ਕਰਨਾ, ਵੱਡਾ ਕਰਨਾ ਅਤੇ ਐਜੂਸੀਅਰ ਦਾ ਅਰਥ ਹੈ ਅੱਗੇ ਲਿਆਉਣਾ। ਐਜੂਕੇਟਮ ਦਾ ਅਰਥ ਹੈ 'ਐਕਟ ਆਫ਼ ਲਰਨਿੰਗ ਜਾਂ ਟਰੇਨਿੰਗ'। ਇਨ੍ਹਾਂ ਅਰਥਾਂ ਵਿੱਚੋਂ ਪਹਿਲੇ ਦੋ ਦੇ ਅਨੁਸਾਰ – ਸਿੱਖਿਆ ਵਿਅਕਤੀ ਦੇ ਅੰਦਰੋਂ ਕੁੱਝ ਕਡ਼ਣ ਨੂੰ ਕਹਿੰਦੇ ਹਨ ਅਤੇ ਤੀਜੇ ਅਨੁਸਾਰ ਬਾਹਰੋ ਉਸ ਵਿੱਚ ਪਾਉਣ ਨੂੰ ਸਿੱਖਿਆ ਕਿਹਾ ਜਾਂਦਾ ਹੈ। ਇਸ ਕਰ ਕੇ ਸਿੱਖਿਆ ਉਹ ਅਮਲ ਹੈ ਜਿਸਦੇ ਦੁਆਰਾ ਵਿਅਕਤੀ ਦੇ ਅੰਦਰ ਲੁੱਕੀਆਂ ਹੋਈਆਂ ਖ਼ੂਬੀਆਂ, ਗੁਣਾਂ, ਯੋਗਤਾਵਾਂ ਜਾਂ ਪ੍ਰਤਿਭਾਵਾਂ ਨੂੰ ਉਭਾਰਿਆ ਜਾਂਦਾ ਹੈ। ਸਿੱਖਿਆ ਕਿਸੇ ਵੀ ਵਿਅਕਤੀ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਵਿਕਸਿਤ ਕਰਦੀ ਹੈ। ਇਸ ਪ੍ਰਕਾਰ ਇਹ ਇੱਕ ਨਿਰੰਤਰ ਹੋਣ ਵਾਲੀ ਪ੍ਰਕਿਰਿਆ ਹੈ ਜੋ ਜਨਮ ਤੋਂ ਲੈ ਕੇ ਮਰਨ ਤੱਕ ਚਲਦੀ ਰਹਿੰਦੀ ਹੈ। ਇਸ ਕਰਕੇ ਸਿੱਖਿਆ ਵਿੱਚ ਸਾਰੇ ਉਹ ਅਨੁਭਵ ਸ਼ਾਮਲ ਹਨ ਜੋ ਆਦਮੀ ਆਪਣੀ ਜ਼ਿੰਦਗੀ ਵਿੱਚ ਕਿਸੇ ਵਿਅਕਤੀ ਤੋਂ, ਥਾਂ ਤੋਂ, ਵਸਤੂ (ਨਿਰਜੀਵ ਜਾਂ ਜੀਵਤ) ਤੋਂ ਪ੍ਰਾਪਤ ਕਰਦਾ ਹੈ। ਸਿੱਖਿਆ ਦਾ ਮੂਲ ਉਦੇਸ਼ ਵਿਅਕਤੀ ਦਾ ਸਰਵ-ਪੱਖੀ ਵਿਕਾਸ ਕਰਨਾ ਹੈ। ਸਿੱਖਿਆ ਦੇ ਅਰਥ ਦੀ ਵਿਸਤ੍ਰਿਤ ਜਾਣਕਾਰੀ ਲਈ ਕੁੱਝ ਕੁ ਵਿਦਵਾਨਾਂ ਵੱਲੋਂ ਸਿੱਖਿਆ ਦੀਆਂ ਪਰਿਭਾਸ਼ਾਵਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ।

1. **ਗੁਰੂ ਨਾਨਕ ਦੇਵ ਜੀ (Guru Nanak Dev Ji)** – ਦਾ ਫਰਮਾਨ ਹੈ, ''ਵਿਦਿਆ ਵਿਚਾਰੀ ਤਾਂ ਪਰਉਪਕਾਰੀ''
2. **ਮਹਾਤਮਾ ਗਾਂਧੀ (Mahatma Gandhi) -** ਸਰੀਰ, ਮਨ ਅਤੇ ਰੂਹ ਦੀ ਉਤਮਤਾ ਦਾ ਨਿਖਾਰ ਹੀ ਸਿੱਖਿਆ ਹੈ।
3. **ਸ਼ੰਕਰਾਚਾਰੀਆ (Shankracharya) -** ਆਤਮ ਪ੍ਰਾਪਤੀ (self-realization) ਹੀ ਸਿੱਖਿਆ ਹੈ।
4. **ਪੈਸਟਾਲੋਜੀ (Pestalozzi) -** ਸਿੱਖਿਆ, ਮਨੁੱਖ ਦੀਆਂ ਜਨਮਜਾਤ ਸ਼ਕਤੀਆਂ ਦੇ ਸੁਭਾਵਿਕ, ਸੰਤੁਲਿਤ ਅਤੇ ਪ੍ਰਗਤੀਸ਼ੀਲ ਵਿਕਾਸ ਦਾ ਨਾਂ ਹੈ।

### 1.1.3.2 ਮਨੋਵਿਗਿਆਨ ਦਾ ਅਰਥ (Meaning of Psychology)

ਮਨੋਵਿਗਿਆਨ ਨੂੰ ਦਰਸ਼ਨ-ਸ਼ਾਸਤਰ ਦਾ ਉਹ ਹਿੱਸਾ ਮੰਨਿਆ ਜਾਂਦਾ ਸੀ ਜੋ ਕਿ ਮਨ ਅਤੇ ਬੁੱਧੀ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਸੀ ਪਰ ਹੁਣ ਇਹ ਧਾਰਨਾ ਬਦਲ ਚੁੱਕੀ ਹੈ ਅਤੇ ਮਨੋਵਿਗਿਆਨ ਨੂੰ ਇੱਕ ਸਕਾਰਾਤਮਕ ਵਿਗਿਆਨ ਮੰਨਿਆ ਜਾਂਦਾ ਹੈ। ਪਹਿਲਾਂ ਮਨੋਵਿਗਿਆਨ ਨੂੰ ਆਤਮਿਕ ਵਿਗਿਆਨ ਸਮਝਿਆ ਜਾਂਦਾ ਸੀ ਪਰ ਸਮੇਂ ਦੇ ਬੀਤਣ ਦੇ ਨਾਲ-ਨਾਲ ਇਹ ਇੱਕ ਵਿਵਾਦਿਤ ਮੁੱਦਾ ਬਣ ਗਿਆ ਤੇ ਮਨੋਵਿਗਿਆਨ ਨੂੰ ਮਾਨਸਿਕ ਵਿਗਿਆਨ ਮੰਨਿਆ ਜਾਣ ਲੱਗਾ, ਪਰੰਤੂ ਮਨੋਵਿਗਿਆਨਕਾਂ ਨੂੰ ਇਹ ਅਹਿਸਾਸ ਹੋਇਆ ਕਿ ਸਮੁੱਚੇ ਤੌਰ ਤੇ ਮਨ ਬਾਰੇ ਗਿਆਨ ਹਾਸਲ ਕਰਨਾ ਮੁਸ਼ਕਿਲ ਕੰਮ ਸੀ ਤਾਂ ਉਹਨਾਂ ਨੇ ਇਸ ਨੂੰ ਚੇਤਨਤਾ ਦਾ ਵਿਗਿਆਨ ਨਾਂ ਦੇ ਦਿੱਤਾ। ਬਾਅਦ ਵਿੱਚ ਮਨੋਵਿਗਿਆਨ ਨੂੰ ਵਿਵਹਾਰ ਦਾ ਵਿਗਿਆਨ ਵੀ ਆਖਿਆ ਗਿਆ।

ਮਨੋਵਿਗਿਆਨ ਦਾ ਅਰਥ ਹੇਠ ਲਿੱਖੀਆਂ ਪਰਿਭਾਸ਼ਾਵਾਂ ਤੋਂ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ:

1. ਵੁੱਡਵਰਥ ਅਨੁਸਾਰ ਮਨੋਵਿਗਿਆਨ ਵਾਤਾਵਰਣ ਦੇ ਸੰਬੰਧ ਵਿੱਚ ਵਿਅਕਤੀ ਦੀਆਂ ਕਿਰਿਆਵਾਂ ਦਾ ਵਿਗਿਆਨ ਹੈ।
2. ਵਾਟਸਨ ਅਨੁਸਾਰ ਮਨੋਵਿਗਆਨ ਸਦਾਚਾਰ ਦਾ ਯਥਾਰਥਕ ਵਿਗਿਆਨ ਹੈ।
3. ਸਕਿਨਰ ਮੁਤਾਬਿਕ ਮਨੋਵਿਗਿਆਨ ਵਿਅਕਤੀ ਦੇ ਆਪਣੇ ਆਲੇ-ਦੁਆਲੇ ਨਾਲ ਸਬੰਧਿਤ ਸਦਾਚਾਰਕ ਅਨੁਕੂਲਤਾ ਦਾ ਵਿਗਿਆਨ ਹੈ। ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਮਨੋਵਿਗਿਆਨ ਸਾਰੇ ਜੀਵਿਤ ਪ੍ਰਾਣੀਆਂ ਦੇ ਜੀਵਨ ਦੇ ਹਰੇਕ ਪੜਾਅ ਉੱਪਰ ਉਹਨਾਂ ਦੇ ਸਦਾਚਾਰ ਵਿੱਚ ਤਰੱਕੀ ਦਾ ਅਧਿਐਨ ਕਰਦਾ ਹੈ।

4. ਮੁੰਨ ਨੇ ਇਸ ਨੂੰ ਸਦਾਚਾਰ ਦੀ ਵਿਗਿਆਨਕ ਛਾਣ-ਬੀਣ ਦਾ ਨਾਂ ਦਿੱਤਾ ਹੈ।
5. ਕਰੋਅ ਅਤੇ ਕਰੋਅ ਅਨੁਸਾਰ ਮਨੋਵਿਗਿਆਨ ਮਨੁੱਖੀ ਵਿਵਹਾਰ ਅਤੇ ਮਨੁੱਖੀ ਸੰਬੰਧਾਂ ਦਾ ਅਧਿਐਨ ਹੈ।
6. ਗੈਰੀਸਨ ਅਤੇ ਹੋਰ ਮਨੋਵਿਗਿਆਨੀਆਂ ਨੇ ਮਨੋਵਿਗਿਆਨ ਦੀ ਪਰਿਭਾਸ਼ਾ ਦ੍ਰਿਸ਼ਟ ਮਨੁੱਖੀ ਸਦਾਚਾਰ ਨਾਲ ਸੰਬੰਧਿਤ ਦੱਸੀ ਹੈ।
7. ਬੋਰਿੰਗ, ਲੇਂਗਫ਼ੀਲਡ ਅਤੇ ਵੈਲਡ ਨੇ ਇਸ ਨੂੰ ਮਨੁੱਖੀ ਸੁਭਾਅ ਦਾ ਅਧਿਐਨ ਕਿਹਾ ਹੈ।

## 1.1.3.3 ਸਿੱਖਿਆ ਮਨੋਵਿਗਿਆਨ ਦਾ ਅਰਥ ਅਤੇ ਪਰਿਭਾਸ਼ਾਵਾਂ (Meaning and Definitions of Educational Psychology)

ਸਿੱਖਿਆ ਇੱਕ ਸਮਾਜਿਕ ਪ੍ਰਕ੍ਰਿਆ ਹੈ। ਇਸਦਾ ਪ੍ਰਮੁੱਖ ਉਦੇਸ਼ ਸਦਾਚਾਰਕ ਵਦਲਾਣ ਹੈ ਅਤੇ ਸਿੱਖਿਆ ਇਹੋ ਜਿਹੇ ਸਿਧਾਂਤਾਂ ਦਾ ਨਿਰਮਾਣ ਕਰਦੀ ਹੈ ਜਿਨ੍ਹਾਂ ਦੁਆਰਾ ਸਦਾਚਾਰ ਅਤੇ ਭਵਿੱਖਬਾਣੀ, ਉਸਦੀ ਪੁਸ਼ਟੀ ਅਤੇ ਉਸ ਵਿਚਲੇ ਬਦਲਾਵਾਂ ਦਾ ਵਿਵਰਣ ਦਿੱਤਾ ਜਾ ਸਕਦਾ ਹੈ। ਮਨੋਵਿਗਿਆਨ ਵਿਹਾਰ ਦਾ ਵਿਗਿਆਨ ਹੈ ਤੇ ਸਿੱਖਿਆ ਨੇ ਵਿਹਾਰ ਵਿੱਚ ਸੁਧਾਰ ਲੈ ਆਉਣਾ ਹੁੰਦਾ ਹੈ। ਵਿਹਾਰ ਦਾ ਅਧਿਐਨ ਕਰਕੇ ਹੀ ਤਬਦੀਲੀਆਂ ਲੈ ਆਈਆਂ ਜਾ ਸਕਦੀਆਂ ਹਨ। ਇਹ ਅਸੀਂ ਅਧਿਆਪਨ ਰਾਹੀਂ ਕਰ ਸਕਦੇ ਹਾਂ। ਸਿੱਖਿਆ ਦੇ ਖੇਤਰ ਵਿੱਚ ਅਧਿਆਪਨ, ਪਾਠ ਪੁਸਤਕਾਂ, ਅਧਿਆਪਨ ਵਿਧੀਆਂ, ਸਿੱਖਣ ਢੰਗ, ਮੁਲਾਂਕਣ ਵਿਧੀਆਂ ਆਦਿ ਵੀ ਸ਼ਾਮਲ ਹਨ। ਇਨ੍ਹਾਂ ਸਾਰਿਆਂ ਦੇ ਮਨੋਵਿਗਿਆਨਕ ਪੱਖ ਦਾ ਅਧਿਐਨ ਵੀ ਸਿੱਖਿਆ ਮਨੋਵਿਗਿਆਨ ਹੀ ਕਰਦਾ ਹੈ ਜਾਂ ਫੇਰ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਮਨੋਵਿਗਿਆਨ ਦੇ ਸਿਧਾਂਤਾਂ ਤੇ ਨਿਯਮਾਂ ਦੀ ਲੋਅ ਵਿੱਚ ਸਿੱਖਿਆ ਦੇ ਅਮਲ ਦੇ ਅਧਿਐਨ ਨੂੰ ਹੀ ਸਿੱਖਿਆ ਮਨੋਵਿਗਿਆਨ ਕਿਹਾ ਜਾਂਦਾ ਹੈ। ਸਿੱਖਿਆ ਮਨੋਵਿਗਿਆਨ ਦੇ ਅਰਥ ਦੀ ਸੰਪੂਰਨ ਜਾਣਕਾਰੀ ਹੇਠ ਲਿਖੀਆਂ ਪ੍ਰਚਲਿਤ ਪਰਿਭਾਸ਼ਾਵਾਂ ਦਾ ਅਧਿਐਨ ਕਰਕੇ ਕੀਤੀ ਜਾ ਸਕਦੀ ਹੈ।

(1) ਸਕਿਨਰ (Skinner) ਦਾ ਵਿਚਾਰ ਹੈ, ''ਸਿੱਖਿਆ ਮਨੋਵਿਗਿਆਨ, ਮਨੋਵਿਗਿਆਨ ਦੀ ਉਹ ਸ਼ਾਖ਼ਾ ਹੈ ਜੋ ਕਿ ਅਧਿਆਪਨ ਅਤੇ ਸਿੱਖਣ ਸ਼ਕਤੀ ਨਾਲ ਸੰਬੰਧ ਰੱਖਦੀ ਹੈ।''

(2) ਕਰੋਅ ਅਤੇ ਕਰੋਅ (Crow and Crow) ਦੇ ਅਨੁਸਾਰ, ''ਸਿੱਖਿਆ ਮਨੋਵਿਗਿਆਨ ਇੱਕ ਪ੍ਰਾਣੀ ਦੇ ਜਨਮ ਤੋਂ ਲੈ ਕੇ ਬੁਢਾਪੇ ਤੱਕ ਦੇ ਸਿੱਖਣ ਤਜਰਬਿਆਂ ਦਾ ਵੇਰਵਾ ਹੈ।''

(3) ਪੀਲ (Peel) ਅਨੁਸਾਰ, ''ਸਿੱਖਿਆ ਮਨੋਵਿਗਿਆਨ ਸਿੱਖਣ ਦੇ ਸਿਧਾਂਤਾਂ, ਮਨੁੱਖੀ ਸ਼ਖ਼ਸੀਅਤ ਦੇ ਵਿਕਾਸ, ਪ੍ਰਾਣੀਆਂ ਵਿਚਲੀ ਭਿੰਨਤਾ ਅਤੇ ਮਨੁੱਖ ਦੇ ਸਮਾਜਿਕ ਵਿਵਹਾਰ ਦਾ ਅਧਿਐਨ ਹੈ।''

ਸਾਰ ਇਹ ਹੈ ਕਿ ਸਿੱਖਿਅਕ ਮਨੋਵਿਗਿਆਨ ਸਿਖਿਆਰਥੀ ਅਤੇ ਸਿੱਖਿਅਕ ਵਾਤਾਵਰਣ ਅਤੇ ਪਰਸਥਿਤੀਆਂ ਦੇ ਆਪਸੀ ਸੰਬੰਧਾਂ ਦਾ ਅਧਿਐਨ ਹੈ।

## 1.1.4 ਸਿੱਖਿਆ ਮਨੋਵਿਗਿਆਨ ਦਾ ਸਰੂਪ (Nature of Educational Psychology)

ਸਿੱਖਿਅਕ ਮਨੋਵਿਗਿਆਨ ਦੀਆਂ ਉਪਰ ਲਿਖੀਆਂ ਪ੍ਰੀਭਾਸ਼ਾਵਾਂ ਦੇ ਆਧਾਰ 'ਤੇ ਅਸੀਂ ਇਸ ਦੇ ਸਰੂਪ ਬਾਰੇ ਆਪਣੇ ਵਿਚਾਰ ਇਸ ਪ੍ਰਕਾਰ ਬਣਾ ਸਕਦੇ ਹਾਂ:

1. ਮਨੋਵਿਗਿਆਨ ਮਨੁੱਖ ਦੇ **ਵਿਵਹਾਰ ਦਾ ਯਥਾਰਥਕ ਗਿਆਨ** ਹੈ ਕਿਉਂਕਿ ਇਹ ਮਨੁੱਖ ਦੇ ਵਿਵਹਾਰ ਦਾ ਵਿਵਰਣ ਕਰਦਾ ਹੈ, ਉਸ ਉੱਤੇ ਕਾਬੂ ਰੱਖਦਾ ਹੈ ਅਤੇ ਮਨੁੱਖੀ ਵਿਵਹਾਰ ਦੀ ਭਵਿੱਖਬਾਣੀ ਕਰਦਾ ਹੈ।
2. ਇਹ ਮਨੋਵਿਗਿਆਨ ਨਾਲ ਸੰਬੰਧਤ ਸ਼ਾਖ਼ਾ ਹੈ ਜੋ ਕਿ **ਸਿੱਖਿਆਰਥੀ ਦੇ ਸਦਾਚਾਰ ਦਾ ਉਸ ਦੀਆਂ ਸਿੱਖਣ-ਪ੍ਰਸਥਿਤੀਆਂ ਦੇ ਮੁਤਾਬਿਕ ਅਧਿਐਨ ਕਰਦੀ ਹੈ।**
3. ਇਹ ਵਿਗਿਆਨਕ ਪ੍ਰਵੇਸ਼ ਅਪਣਾਉਂਦਾ ਹੈ ਜਿਵੇਂ ਕਿ ਨਿਰੀਖਣ, ਪ੍ਰਯੋਗ, ਕੇਸ ਸਟਡੀ ਪ੍ਰਸ਼ਨਾਵਲੀ, ਇੰਟਰਵਿਊ ਇਤਿਆਦਿ।
4. **ਇਹ ਪ੍ਰਯੋਗਸਿੱਧ (Empirical)** ਹੈ ਅਤੇ ਵਾਸਤਵਿਕ (Factual) ਹੈ। ਇਹ ਕਿਸੇ ਸੰਸਥਾ, **ਅਨੁਮਾਨਿਤ ਵਿਚਾਰ** (Opinion) ਜਾਂ ਵਿਸ਼ਵਾਸ ਉਪਰ ਆਸ਼੍ਰਿਤ ਨਹੀ ਕਰਦੀ।

ਸਿੱਖਿਅਕ ਮਨੋਵਿਗਿਆਨੀ ਨਿਰੀਖਣ ਅਤੇ ਪ੍ਰਯੋਗ ਕਰਕੇ ਸਾਮਗਰੀ (Data) ਇਕੱਠੀ ਕਰਦੇ ਹਨ। ਇਹਨਾਂ ਪ੍ਰਯੋਗਾਂ ਦੌਰਾਨ ਇੱਕ ਵਿਅਕਤੀ ਜਾਂ ਇੱਕ ਗਰੁੱਪ ਨੂੰ ਮਨੋਵਿਗਿਆਨਕ ਤੌਰ ਤੇ ਕਾਬੂ ਵਿੱਚ ਕੀਤੀਆਂ ਪਰਸਥਿਤੀਆਂ ਵਿੱਚ

ਰੱਖਕੇ ਉਸ ਵਿਅਕਤੀ ਜਾਂ ਗਰੁੱਪ ਦੇ ਸਦਾਚਾਰ ਬਾਰੇ ਜਾਣਕਾਰੀ ਹਾਸਿਲ ਕੀਤੀ ਜਾਂਦੀ ਹੈ।

ਸਿੱਖਿਅਕ ਮਨੋਵਿਗਿਆਨ ਦੇ ਖੇਤਰ ਵਿੱਚ ਕਈ ਵਾਰੀ ਸਾਨੂੰ ਕੁਦਰਤੀ ਅਤੇ ਸਿਲਸਲੇਵਾਰ ਨਿਰੀਖਣ ਦਾ ਆਸਰਾ ਲੈਣਾ ਪੈਂਦਾ ਹੈ। ਇਸ ਨਿਰੀਖਣ ਦੇ ਦੌਰਾਨ ਖੋਜੀ ਪਰਸਥਿਤੀਆਂ ਦਾ ਨਿਯਮ ਮੁਤਾਬਿਕ ਸਿਲਸਿਲੇਵਾਰ ਪ੍ਰੀਖਣ ਕਰਦਾ ਹੈ। ਅਜੋਕੇ ਸਮੇਂ ਵਿੱਚ ਨਿਰੀਖਣ ਦੀ ਇਹ ਵਿਧੀ ਬਹੁਤ ਹੀ ਸਫ਼ਲ ਸਿੱਧ ਹੋ ਰਹੀ ਹੈ। ਬੱਚਿਆਂ ਨੂੰ ਜਮਾਤ ਦੇ ਕਮਰੇ ਦੇ ਅੰਦਰ ਅਤੇ ਬਾਹਰ ਉਹਨਾਂ ਦੇ ਸਦਾਚਾਰਕ ਲੱਛਣਾ ਅਤੇ ਸਮਾਜਿਕ ਵਿਵਹਾਰ ਦੇ ਆਧਾਰ ਉੱਪਰ ਪਰਖਿਆ ਜਾਂਦਾ ਹੈ।

5. ਸਿੱਖਿਆ ਮਨੋਵਿਗਿਆਨ ਬਾਹਰ ਮੁਖੀ ਜਾਂ ਵਸਤੂਨਿਸ਼ਠ (Objective) ਹੈ। ਮਨੋਵਿਗਿਆਨੀ ਸਿੱਟੇ ਉਪਰ ਪਹੁੰਚਣ ਲਈ ਆਪਣੀਆਂ ਸੋਚਾਂ ਅਤੇ ਵਿਚਾਰਾਂ ਨੂੰ ਇੱਕ ਪਾਸੇ ਛੱਡ ਦਿੰਦਾ ਹੈ। ਨਿਰੀਖਣ ਕਰਦੇ ਸਮੇਂ ਉਹ ਸਦਾਚਾਰਕ ਵਿਵਹਾਰ ਦਾ ਰਿਕਾਰਡ ਰੱਖਦਾ ਹੈ ਅਤੇ ਲੋੜ ਪੈਣ ਤੇ ਉਸਦਾ ਮਾਤਰਾਤਮਕ (Quantitative) ਵਰਗੀਕਰਣ ਵੀ ਕਰਦਾ ਹੈ। ਇੱਥੇ ਇਹ ਧਿਆਨ ਵਿੱਚ ਰੱਖਣ ਯੋਗ ਗੱਲ ਹੈ ਕਿ ਉਹ ਇਹ ਅਜਿਹੇ ਵਿਸ਼ੇ ਮਨੁੱਖੀ ਵਿਵਹਾਰ (Human behaviour) ਦਾ ਪ੍ਰੀਖਣ ਕਰ ਰਿਹਾ ਹੈ ਜੋ ਕਿ ਬਹੁਤ ਹੀ ਗੁੰਝਲਦਾਰ ਹੈ, ਸਮੇਂ ਨਾਲ ਬਦਲਦਾ ਵੀ ਰਹਿੰਦਾ ਹੈ ਹੋਰ ਤਾਂ ਹੋਰ ਕੋਈ ਵੀ ਦੋ ਵਿਅਕਤੀਆਂ ਦਾ ਸਦਾਚਾਰਕ ਵਿਵਹਾਰ ਇੱਕ ਸਮਾਨ ਨਹੀਂ ਹੁੰਦਾ।

6. ਸਿੱਖਿਆ ਮਨੋਵਿਗਿਆਨ ਨੇ ਖੋਜ ਕਰਨ ਲਈ ਆਪਣੀ ਹੀ ਖੋਜ ਵਿਧੀ ਵਿਕਸਤ ਕੀਤੀ ਹੈ। ਇਸ ਖੇਤਰ ਵਿੱਚ ਖੋਜ ਕਰਨ ਲਈ ਕਈ ਆਪਣੀ ਭਾਂਤ ਦੇ ਟੈਸਟ (ਜਾਂ ਔਜ਼ਾਰ) ਵੀ ਬਣਾ ਲਏ ਹਨ।

7. **ਇਸਦੇ ਸਿਧਾਂਤ ਸਰਵਲੌਕਿਕ** (Universal) ਹਨ।

8. **ਇਸਦੇ ਸਿਧਾਂਤ ਪ੍ਰਮਾਣਿਕ** (Valid) ਹਨ।

9. **ਇਹ ਅਧਾਰ ਅਤੇ ਸਿੱਟੇ** (Cause and effect) ਦੇ ਸਿਧਾਂਤ ਨੂੰ ਪ੍ਰਭਾਸ਼ਿਤ ਕਰਦੇ ਹਨ।

ਸਿੱਖਿਅਕ ਮਨੋਵਿਗਿਆਨ ਸਿੱਖਿਆ ਦਾ ਅਧਾਰ ਹੈ। ਇਸ ਦੁਆਰਾ ਬੱਚਿਆਂ ਦੀਆਂ ਸਕੂਲੀ ਮੁਸ਼ਕਿਲਾਂ ਅਤੇ ਉਹਨਾਂ ਦੇ ਸਮਾਧਾਨ ਬਾਰੇ ਜਾਣਕਾਰੀ ਮਿਲਦੀ ਹੈ। ਸਿੱਖਿਆ ਮਨੋਵਿਗਿਆਨ ਮੂਲ ਰੂਪ ਵਿੱਚ ਸਮਸਿਆਵਾਂ ਨੂੰ ਸੁਲਝਾਉਣ ਬਾਰੇ ਜਾਣਕਾਰੀ, ਤਕਨੀਕਾਂ ਅਤੇ ਕਾਰਜ ਪ੍ਰਣਾਲੀ ਬਾਰੇ ਗਿਆਨ ਦਿੰਦਾ ਹੈ।

ਸਿੱਖਿਅਕ ਮਨੋਵਿਗਿਆਨ ਇੱਕ ਪ੍ਰਯੋਗਸ਼ੀਲ ਖੇਤਰ ਹੈ ਨਾ ਕਿ ਕਿਸੇ ਵੱਖਰੇ ਅਧਿਐਨ ਖੇਤਰ ਦੀ ਸ਼੍ਰੇਣੀ। ਸਿੱਖਿਅਕ ਮਨੋਵਿਗਿਆਨ ਵਿਗਿਆਨਕ ਅਪਰੋਚ ਦੀ ਵਰਤੋਂ ਕਰਦਾ ਹੋਇਆ ਮਨੁੱਖ ਦੇ ਵਿਵਹਾਰ ਦਾ ਵਿਵਰਣ ਕਰਦਾ ਹੈ, ਉਸ ਉੱਤੇ ਕਾਬੂ ਰੱਖਦਾ ਹੈ ਅਤੇ ਮਨੁੱਖੀ ਵਿਵਹਾਰ ਦੀ ਭਵਿੱਖਬਾਣੀ ਕਰਦਾ ਹੈ। ਇਸ ਲਈ ਅਸੀਂ ਇਹ ਕਹਿ ਸਕਦੇ ਹਾਂ ਕਿ ਸਿੱਖਿਆ ਮਨੋਵਿਗਿਆਨ ਕਲਾ ਨਹੀ ਹੈ ਇਹ ਤਾਂ ਇੱਕ ਵਿਗਿਆਨ ਹੈ ਜੋ ਕਿ ਆਪਣੇ ਆਪ ਵਿੱਚ ਸੰਪੂਰਨ ਹੈ।

ਬੇਸ਼ੱਕ ਸਿੱਖਿਅਕ ਮਨੋਵਿਗਿਆਨ, ਮਨੋਵਿਗਿਆਨ ਦੇ ਖੇਤਰ ਵਿੱਚੋਂ ਤਕਨੀਕਾਂ, ਰਣਨੀਤੀਆਂ ਅਤੇ ਸਮੱਸਿਆਵਾਂ ਦੇ ਸਮਾਧਾਨ ਬਾਰੇ ਚੰਗੀ ਸੂਚਨਾ ਪ੍ਰਾਪਤ ਕਰਦਾ ਹੈ, ਪਰ ਇਹ ਲਏ ਗਏ ਗਿਆਨ ਤੋਂ ਬਣਿਆ ਅਧਿਐਨ ਖੇਤਰ ਨਹੀ ਹੈ। ਇਸ ਨੇ ਬਹੁਤ ਗਿਣਤੀ ਵਿੱਚ ਪ੍ਰੀਖਣ ਅਤੇ ਅਣਪ੍ਰੀਖਣ ਤਕਨੀਕਾਂ ਦਾ ਵਿਕਾਸ ਕੀਤਾ ਹੈ। ਬੱਚੇ ਦੇ ਬਹੁਪੱਖੀ ਅਧਿਐਨ ਲਈ ਆਪਣੇ ਅੰਕੜੇ ਵਿਕਸਿਤ ਕੀਤੇ ਹਨ। ਮਨੋਵਿਗਿਆਨ ਦੇ ਖੇਤਰ ਤੋਂ ਲਏ ਗਏ ਸਿਧਾਂਤ ਅਤੇ ਨਿਯਮ ਸਿੱਖਿਆ ਦੇ ਖੇਤਰ ਵਿੱਚ ਜਾਂਚ ਅਤੇ ਪ੍ਰੀਖਣ ਬਾਅਦ ਹੀ ਪ੍ਰਯੋਗ ਕੀਤੇ ਜਾਂਦੇ ਹਨ।

ਅੱਜਕੱਲ੍ਹ ਸਿੱਖਿਅਕ ਮਨੋਵਿਗਿਆਨ, ਮਨੋਵਿਗਿਆਨ ਦੀ ਇੱਕ ਵੱਖਰੀ ਅਤੇ ਵਿਲੱਖਣ ਸ਼ਾਖ਼ਾ ਦੇ ਰੂਪ ਵਿੱਚ ਵਿਕਸਿਤ ਹੋਇਆ ਹੈ।

### 1.1.5 ਸਿੱਖਿਆ ਮਨੋਵਿਗਿਆਨ ਦਾ ਵਿਸ਼ਾ-ਖੇਤਰ (Scope of Educational Psychology)

ਸਿੱਖਿਅਕ ਮਨੋਵਿਗਿਆਨ ਇੱਕ ਵਿਵਹਾਰਕ ਆਧੁਨਿਕ ਅਤੇ ਤਰੱਕੀਸ਼ੀਲ ਵਿਗਿਆਨ ਹੈ ਅਤੇ ਇਹੀ ਕਾਰਨ ਹੈ ਕਿ ਇਸ ਦੀਆਂ ਸੀਮਾਵਾਂ (boundaries) ਹਮੇਸ਼ਾਂ ਬਦਲਦੀਆਂ ਰਹਿੰਦੀਆਂ ਹਨ। ਨਵੀਆਂ-ਨਵੀਆਂ ਖੋਜਾਂ ਦੇ ਆਧਾਰ ਉੱਪਰ ਇਸਦੇ ਵੱਖ-ਵੱਖ ਖੇਤਰਾਂ ਨੂੰ ਹਮੇਸ਼ਾਂ ਨਵੀਂ ਦਿਸ਼ਾ ਮਿਲਦੀ ਰਹੀ ਹੈ। ਅਜੋਕੇ ਸਮੇਂ ਵਿੱਚ ਵੀ ਸਿੱਖਿਆ ਮਨੋਵਿਗਿਆਨ ਦੇ ਖੇਤਰ ਵਿੱਚ ਖੋਜ ਦਾ ਕੰਮ ਚਲ ਰਿਹਾ ਹੈ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਬਹੁਤ ਸਾਰੇ ਨਵੇਂ ਸਿਧਾਂਤ ਹੋਂਦ ਵਿੱਚ ਆ ਸਕਦੇ ਹਨ। ਇਸ ਲਈ ਸਿੱਖਿਆ ਮਨੋਵਿਗਿਆਨ ਦੇ ਮੰਤਵਾਂ ਬਾਰੇ ਜਾਂ ਭਵਿੱਖ ਵਿੱਚ ਕੀ ਮੁਸ਼ਕਲਾਂ ਆਉਣਗੀਆਂ, ਇਹਨਾਂ ਬਾਰੇ ਕੋਈ ਵੀ ਅੰਤਿਮ ਰਾਏ ਨਹੀ ਦਿੱਤੀ ਜਾ ਸਕਦੀ।

ਗੈਰੀਸਨ ਦੇ ਅਨੁਸਾਰ, ਸਿੱਖਿਆ ਮਨੋਵਿਗਿਆਨ ਦਾ ਮੰਤਵ ਹੈ : ਸਿੱਖਿਆ ਦੇ ਆਮ ਖੇਤਰਾਂ ਦੀ ਛਾਣ-ਬੀਣ ਕਰਨਾ। ਗੈਰੀਸਨ ਨੇ ਹੇਠ ਲਿੱਖੇ ਕੁੱਝ ਖੇਤਰਾਂ ਬਾਰੇ ਜ਼ੋਰ ਦਿੱਤਾ:

1. ਬੱਚਾ ਅਤੇ ਉਸਦਾ ਵਿਕਾਸ, ਵਿਕਾਸ ਦੀ ਪ੍ਰਕ੍ਰਿਆ, ਬੁੱਧੀ, ਭਾਸ਼ਾ ਤੇ ਸੋਚਣ ਸ਼ਕਤੀ ਅਤੇ ਸਮਾਜਿਕਤਾ।
2. ਸਿੱਖਣਾ, ਸਿੱਖਣਾ ਅਤੇ ਪ੍ਰੇਰਨਾ, ਹੁਨਰਾਂ ਦਾ ਸਿੱਖਣਾ, ਸਮੱਸਿਆ ਸਮਾਧਾਨ ਅਤੇ ਚਰਿੱਤਰ ਨਿਰਮਾਣ।
3. ਵਿਦਿਆਰਥੀ ਦੇ ਸਰੀਰਕ ਵਿਕਾਸ ਦਾ ਮੁਲਾਂਕਣ, ਮੁਲਾਂਕਣ ਦੇ ਤਰੀਕੇ, ਇਕੱਲੇ-ਇਕੱਲੇ ਬੱਚੇ ਦਾ ਨਿਰੀਖਣ, ਸਕੂਲ ਵਿੱਚ ਸਿੱਖਣ ਸੰਬੰਧੀ ਸਮੱਸਿਆਵਾਂ, ਹਦਾਇਤਾਂ ਦੇ ਨਤੀਜਿਆਂ ਦਾ ਮੁਲਾਂਕਣ।
4. ਬੱਚੇ ਦਾ ਪੱਥ ਪ੍ਰਦਰਸ਼ਨ, ਸ਼ਖ਼ਸੀਅਤ ਦੇ ਏਕੀਕਰਣ, ਬੱਚੇ ਦੀਆਂ ਅਨੁਕੂਲਤਾ ਸੰਬੰਧੀ ਮੁਸ਼ਕਿਲਾਂ, ਬੱਚੇ ਅਤੇ ਸਿੱਖਿਅਕ ਦੇ ਸੰਬੰਧ।

ਲਿੰਡਗਰੈਨ ਨੇ ਕਿਹਾ ਕਿ ਸਿੱਖਿਅਕ ਮਨੋਵਿਗਿਆਨ, ਸਿੱਖਿਆ ਦੇ ਹੇਠ ਲਿਖੇ ਤਿੰਨ ਪਹਿਲੂਆਂ ਨਾਲ ਸੰਬੰਧਿਤ ਹੈ:

1. ਸਿੱਖਿਆਰਥੀ
2. ਸਿੱਖਣ ਪ੍ਰਕ੍ਰਿਆ
3. ਸਿੱਖਣ ਅਵਸਥਾ

ਜੇਕਰ ਅਸੀਂ ਸਿੱਖਿਅਕ ਮਨੋਵਿਗਿਆਨ ਦੀਆਂ ਵੱਖ-ਵੱਖ ਕਿਤਾਬਾਂ ਦੇ ਤਤਕਰਿਆਂ (Table of Contents) ਉਪਰ ਨਜ਼ਰ ਮਾਰੀਏ ਤਾਂ ਵੇਖਣ ਵਿੱਚ ਆਉਂਦਾ ਹੈ ਕਿ ਵਿਸ਼ਾ ਵਸਤੂ ਹੇਠ ਲਿਖੇ ਕੁਝ ਪ੍ਰਸੰਗਾਂ ਉੱਪਰ ਹੀ ਕੇਂਦਰਿਤ ਹੁੰਦਾ ਹੈ:

1. **ਵਿਵਹਾਰ ਦਾ ਮੂਲ (Basis of behaviour)** : ਸਿੱਖਿਆ ਮਨੋਵਿਗਿਆਨ ਸਿੱਖਿਆਰਥੀ ਦਾ ਵੱਖ-ਵੱਖ ਸਿੱਖਣ ਸਥਿਤੀਆਂ ਵਿੱਚ ਵਿਵਹਾਰ ਦਾ ਨਿਰੀਖਣ ਕਰਦਾ ਹੈ। ਇਹ ਵਿਵਹਾਰ ਦੇ ਮਨੋਵਿਗਿਆਨਕ ਪੱਖਾਂ ਜਿਵੇਂ ਕਿ: ਅੰਤਰ ਪ੍ਰੇਰਨਾ, ਸੰਵੇਗ, ਮਨੋਭਾਵ, ਤਜਵੀ, ਹਮਦਰਦੀ, ਅਨੁਕਰਣ ਹੈ ਆਦਿ ਬਾਰੇ ਗਿਆਨ ਅਰਜਿਤ ਕਰਦਾ ਹੈ। ਇਹ ਮਨੋਵਿਗਿਆਨ ਦੇ ਆਧਾਰ ਨਾੜੀ ਮੰਡਲ (Nervous System) ਬਾਰੇ ਵੀ ਗਿਆਨ ਹਾਸਲ ਕਰਦਾ ਹੈ।

2. **ਵਿਅਕਤੀਗਤ ਵਿਭਿੰਨਤਾਵਾਂ (Individual differences)** : ਕੋਈ ਵੀ ਦੋ ਵਿਅਕਤੀ ਇੱਕੋ ਜਿਹੇ ਨਹੀ ਹੁੰਦੇ ਤੇ ਇਸੇ ਲਈ ਉਹਨਾਂ ਨੂੰ ਇੱਕੋ ਤਰੀਕੇ ਨਾਲ ਪੜ੍ਹਾਇਆ ਨਹੀ ਜਾ ਸਕਦਾ। ਵਿਅਕਤਿਕ ਵਖਰੇਵਿਆਂ ਦਾ ਕਾਰਨ ਪੈਤਰਿਕ ਜਾਂ ਵਾਤਾਵਰਣ ਵਿਚਲਾ ਅਡਰਾਪਣ ਹੋ ਸਕਦਾ ਹੈ। ਸਿੱਖਿਆਰਥੀਆਂ ਵਿੱਚ ਕਈ ਭਿੰਨਤਾਵਾਂ ਹੁੰਦੀਆਂ ਹਨ ਜਿਵੇਂ ਕਿ: ਸਮਰਥਾ, ਲਿਆਕਤ, ਸੰਭਵਤਾ, ਯੋਗਤਾ, ਬੁੱਧੀਮਤਾ, ਮਨੋਵ੍ਰਿਤੀ ਕੁਸ਼ਲਤਾ, ਰੁਚੀ, ਭਾਵੁਕਤਾ, ਮਿਜਾਜ਼ ਅਤੇ ਲੱਛਣ ਆਦਿ। ਮਨੋਵਿਗਿਆਨ ਇਹਨਾਂ ਸਭ ਖੇਤਰਾਂ ਬਾਰੇ ਨਿਰੀਖਣ ਕਰਦਾ ਹੈ।

3. **ਮਨੁੱਖੀ ਵਿਕਾਸ ਦੇ ਪੜਾਅ (Development Stages)** : ਸਿੱਖਿਆ ਮਨੋਵਿਗਿਆਨਕ ਸਿੱਖਿਅਕ ਦੀ ਉਤਪਤੀ ਅਤੇ ਵਿਕਾਸ ਬਾਰੇ ਅਧਿਐਨ ਕਰਦਾ ਹੈ। ਹਰੇਕ ਬੱਚਾ ਵਿਕਾਸ ਦੇ ਚਾਰ ਪੜਾਵਾਂ ਤੋਂ ਹੋ ਕੇ ਗੁਜ਼ਰਦਾ ਹੈ: ਬਾਲਪਨ, ਮੁੱਢਲਾ ਬਚਪਨ, ਅੰਤਲਾ ਬਚਪਨ ਅਤੇ ਕਿਸ਼ੋਰ ਅਵਸਥਾ ਜਿਸ ਵਿੱਚੋਂ ਲੰਘਣ ਤੋਂ ਬਾਅਦ ਉਹ ਬਾਲਿਗ ਹੋ ਜਾਂਦਾ ਹੈ। ਸਿੱਖਿਆ ਮਨੋਵਿਗਿਆਨ ਹਰੇਕ ਪੜਾਅ ਦੇ ਬਾਰੇ ਗਹਿਰਾਈ ਨਾਲ ਪੜ੍ਹਦਾ ਹੈ ਤਾਂ ਜੋ ਅਧਿਆਪਕ ਹੋਰ ਪੜਾਅ ਦੀਆਂ ਜ਼ਰੂਰਤਾਂ ਦੇ ਆਧਾਰ ਤੇ ਆਪਣੇ ਸਿਖਾਉਣ ਅਤੇ ਸਿੱਖਣ ਦੀ ਪ੍ਰਕ੍ਰਿਆ ਅਖ਼ਤਿਆਰ ਕਰ ਸਕਣ।

4. **ਸਿੱਖਣਾ (Learning)** : ਸਿੱਖਿਆ ਮਨੋਵਿਗਿਆਨ ਸਿੱਖਣ ਪ੍ਰਕ੍ਰਿਆ ਦੇ ਸਿਧਾਂਤਾਂ ਬਾਰੇ ਜਾਣਕਾਰੀ ਹਾਸਿਲ ਕਰਦਾ ਹੈ। ਇਹ ਸਿੱਖਣ ਦੇ ਤਰੀਕਿਆਂ ਬਾਰੇ ਅਤੇ ਸਿੱਖਣ ਦੀ ਪ੍ਰਕ੍ਰਿਆ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਬਾਰੇ ਵੀ ਪੜਚੋਲ ਕਰਦਾ ਹੈ।

5. **ਸ਼ਖ਼ਸੀਅਤ ਅਤੇ ਸਮਾਯੋਨ (Personality and Adjustment)** : ਸਿੱਖਿਆ ਮਨੋਵਿਗਿਆਨ ਦੀ ਹਰੇਕ ਕਿਤਾਬ ਵਿੱਚ ਸ਼ਖ਼ਸੀਅਤ ਅਤੇ ਸਮਾਯੋਜਨ ਦਾ ਅਧਿਆਏ ਜ਼ਰੂਰੀ ਤੌਰ ਤੇ ਹੁੰਦਾ ਹੈ। ਸ਼ਖ਼ਸੀਅਤ ਦਾ ਸਰੂਪ, ਵਿਕਾਸ ਅਤੇ ਉਸਦੇ ਮੁਲਾਂਕਣ ਬਾਰੇ ਚਰਚਾ ਕੀਤੀ ਜਾਂਦੀ ਹੈ। ਅਸਾਧਾਰਨ ਬੱਚੇ ਜਿਵੇਂ ਕਿ ਲਿਆਕਤੀ (Gifted), ਪਛੜੇ ਹੋਏ, ਅਪੰਗ ਅਤੇ ਅਪਰਾਧੀ ਬੱਚਿਆਂ ਦੀਆਂ ਮੁਸ਼ਕਿਲਾਂ ਦਾ ਸਮਾਧਾਨ ਖੋਜਿਆ ਜਾਂਦਾ ਹੈ।

6. **ਪੈਮਾਇਸ਼ ਅਤੇ ਮੁਲਾਂਕਣ (Measurement and Evaluation)** : ਪੈਮਾਇਸ਼ ਅਤੇ ਮੁਲਾਂਕਣ ਵੀ ਸਿੱਖਿਆ ਮਨੋਵਿਗਿਆਨ ਦਾ ਇੱਕ ਅਨਿਖੜਵਾਂ ਅੰਗ ਹੈ। ਇਸ ਦੁਆਰਾ ਇੱਕ ਅਧਿਆਪਕ ਆਪਣੇ ਦੁਆਰਾ ਪ੍ਰਦਾਨ ਕੀਤੀ ਗਈ ਸਿੱਖਿਆ ਦਾ ਵਾਸਤਵਿਕ ਤੇ ਯਥਾਰਥਕ ਤੌਰ 'ਤੇ ਮੁਲਾਂਕਣ ਕਰ ਸਕਦਾ ਹੈ। ਇਸੇ ਸੰਦਰਭ ਵਿੱਚ ਸਾਂਖਿਅਕੀ (Statistics) ਵੀ ਇੱਕ ਮਹੱਤਵਪੂਰਨ

ਵਿਸ਼ਾ ਹੈ।

7. **ਸਿੱਖਿਅਕ ਅਤੇ ਕਿਤੱਈ ਅਗਵਾਈ (Educational and Vocational Guidance)** : ਅੱਜ ਦੀ ਦੁਨੀਆਂ ਬਹੁਤ ਹੀ ਗੁੰਝਲਦਾਰ ਹੈ। ਇੱਕ ਵਿਅਕਤੀ ਲਈ ਆਪਣੇ ਆਲੇ-ਦੁਆਲੇ ਵਿੱਚ ਆ ਰਹੀਆਂ ਤੇਜ਼-ਤਰਾਰ ਤਕਨੀਕੀ ਅਤੇ ਸਮਾਜਿਕ ਤਬਦੀਲੀਆਂ ਅਨੁਸਾਰ ਆਪਣੇ-ਆਪ ਨੂੰ ਢਾਲਣਾ ਬਹੁਤ ਔਖਾ ਹੋ ਗਿਆ ਹੈ। ਬੱਚੇ ਨੂੰ ਪਾਠਕ੍ਰਮ, ਪਾਠ-ਸਹਾਇਕ ਕ੍ਰਿਆਵਾਂ ਤੇ ਕਿੱਤਈ ਚੋਣ ਕਰਨ ਲਈ ਸਹਾਇਤਾ ਦੀ ਲੋੜ ਹੁੰਦੀ ਹੈ। ਸਿੱਖਿਆ ਮਨੋਵਿਗਿਆਨ, ਅਗਵਾਈ ਤੇ ਪਰਾਮਰਸ਼ ਰਾਹੀਂ ਅਧਿਆਪਕਾਂ ਦੀ ਮਦਦ ਕਰਦਾ ਹੈ ਤਾਂ ਜੋ ਉਹ ਆਪਣੇ ਵਿਦਿਆਰਥੀਆਂ ਦਾ ਸਹੀ ਮਾਰਗ ਦਰਸ਼ਨ ਕਰ ਸਕਣ।

8. **ਗਰੁੱਪ ਡਾਇਨੈਮਿਕਸ ਅਤੇ ਗਰੁੱਪ ਵਿਚਲਾ ਵਿਵਹਾਰ (Group dynamics and Group behaviour)** : ਸਿੱਖਿਆ ਮਨੋਵਿਗਿਆਨ ਦਾ ਇੱਕ ਮਹੱਤਵਪੂਰਨ ਅੰਗ ਹੈ, ਗਰੁੱਪ ਵਿਵਹਾਰ ਖਾਸ ਤੌਰ ਤੇ ਕਲਾਸ ਦੇ ਅੰਦਰ ਜਿੱਥੇ ਕਿ ਅਧਿਆਪਨ ਸਿੱਖਣ ਦੀ ਪ੍ਰਕ੍ਰਿਆ ਚਲਦੀ ਹੈ। ਇਸ ਦੁਆਰਾ ਸਾਨੂੰ ਪਤਾ ਲਗਦਾ ਹੈ ਕਿ ਗਰੁੱਪਾਂ ਦਾ ਏਕੀਕਰਣ ਕਿਵੇਂ ਹੁੰਦਾ ਹੈ, ਇੱਕ ਵਿਅਕਤੀ ਗਰੁੱਪ ਤੋਂ ਕਿਸ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ ਅਤੇ ਕਿਵੇਂ ਗਰੁੱਪ ਨੂੰ ਪ੍ਰਭਾਵਿਤ ਕਰਦਾ ਹੈ।

9. **ਮਾਨਸਿਕ ਸਿਹਤ (Mental Health) :** ਅਧਿਆਪਕ ਅਤੇ ਵਿਦਿਆਰਥੀ ਮਾਨਸਿਕ ਤੌਰ ਤੇ ਤੰਦਰੁਸਤ ਹੋਣੇ ਚਾਹੀਦੇ ਹਨ। ਮਾਨਸਿਕ ਤੌਰ ਤੇ ਸੰਤੁਲਿਤ ਅਧਿਆਪਕ ਹੀ ਬੱਚਿਆਂ ਦੀਆਂ ਸਮਸਿਆਵਾਂ ਦਾ ਹਲ ਕਰ ਸਕਦੇ ਹਨ।

10. **ਖੋਜ (Research)** : ਸਿੱਖਿਆ ਮਨੋਵਿਗਿਆਨ ਪ੍ਰਯੋਗ ਅਤੇ ਖੋਜ ਦੇ ਆਧੁਨਿਕ ਤਰੀਕਿਆਂ ਨੂੰ ਅਪਣਾਉਂਦਾ ਹੈ। ਜਮਾਤ ਵਿਚਲੇ ਸਿੱਖਣ ਦੇ ਦੌਰਾਨ ਅਸੀਂ ਸਿੱਖਿਆਰਥੀਆਂ ਦੇ ਵਿਵਹਾਰ ਨੂੰ ਖੋਜ ਦੇ ਆਧਾਰ ਤੇ ਕਾਬੂ (Control) ਕਰ ਸਕਦੇ ਹਾਂ, ਦਿਸ਼ਾ ਦੇ ਸਕਦੇ ਹਾਂ ਅਤੇ ਉਹਨਾਂ ਦੇ ਭਵਿੱਖਤ ਵਿਵਹਾਰ ਬਾਰੇ ਉਪਦੇਸ਼ ਵੀ ਕਰ ਸਕਦੇ ਹਾਂ। ਅਧਿਆਪਕ ਐਕਸ਼ਨ (action research) ਖੋਜ ਕਰਕੇ ਜਮਾਤ ਵਿਚਲੀਆਂ ਸਮੱਸਿਆਵਾਂ ਦਾ ਹੱਲ ਤੁਰੰਤ ਲੱਭ ਸਕਦਾ ਹੈ।

ਸਿੱਖਿਆ ਮਨੋਵਿਗਿਆਨ ਇੱਕ ਅਜਿਹਾ ਖੇਤਰ ਹੈ ਜਿਸ ਵਿੱਚ ਮਨੋਵਿਗਿਆਨਿਕ ਪ੍ਰਯੋਗਸ਼ਾਲਾਵਾਂ ਤੋਂ ਹਾਸਿਲ ਕੀਤੇ ਗਏ ਸੰਕਲਪਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਫੇਰ ਇਹ ਵੀ ਦੇਖਿਆ ਜਾਂਦਾ ਹੈ ਕਿ ਇਹ ਸੰਕਲਪ ਸਿੱਖਿਆ ਦੇ ਖੇਤਰ ਵਿੱਚ ਅਤੇ ਅਧਿਆਪਕਾਂ ਲਈ ਕਿਸ ਹੱਦ ਤੱਕ ਢੁੱਕਵੇਂ ਹਨ। ਸਿੱਖਿਆ ਮਨੋਵਿਗਿਆਨ ਸਿੱਖਣ-ਸਿਖਾਉਣ ਦੀ ਪ੍ਰਕ੍ਰਿਆ ਦੇ ਵੱਖ-ਵੱਖ ਖੇਤਰਾਂ ਦਾ ਅਧਿਐਨ ਕਰਦਾ ਹੈ ਜਿਵੇਂ ਕਿ: ਬੱਚੇ ਦੀ ਉਤਪਤੀ ਅਤੇ ਵਿਕਾਸ, ਸਿੱਖਣ ਪ੍ਰਕ੍ਰਿਆ, ਵਿਅਕਤੀਗਤ ਅਲਗਾਵ, ਸ਼ਖ਼ਸੀਅਤ, ਸਮਾਯੋਜਨ, ਦਿਮਾਗੀ ਸਹਿਤ ਵਿਗਿਆਨ, ਅਨੁਭਵਾਂ, ਆਦਤਾਂ ਤੇ ਆਚਰਨ ਦਾ ਵਿਕਾਸ, ਅਧਿਆਪਕ ਵਿਧੀਆਂ ਵਿੱਚ ਵਿਕਾਸ।

## 1.6 ਸਿੱਖਿਆ ਮਨੋਵਿਗਿਆਨ ਦਾ ਉਦੇਸ਼ (Objectives of Educational Psychology)

ਸਿੱਖਿਆ ਮਨੋਵਿਗਿਆਨ ਦਾ ਪ੍ਰਮੁੱਖ ਉਦੇਸ਼ ਹੈ ਹੇਠ ਲਿਖਿਆਂ ਨੂੰ ਭਲੀ-ਭਾਂਤੀ ਸਮਝਣਾ:

(i) ਸਿੱਖਿਆਰਥੀ
(ii) ਸਿੱਖਣ ਪ੍ਰਕ੍ਰਿਆ
(iii) ਇਹਨਾਂ ਕ੍ਰਿਆਵਾਂ ਨੂੰ ਕਿਸ ਤਰੀਕੇ ਨਾਲ ਅੱਗੇ ਵਧਾਇਆ ਜਾਵੇ
(iv) ਸਿੱਖਿਆਰਥੀਆਂ ਦੀ ਰੁਚੀ, ਰੁਝਾਨ ਅਤੇ ਦਿਮਾਗੀ ਸਤਰ ਦੇ ਅਨੁਸਾਰ ਸਿੱਖਣ ਸਥਿਤੀਆਂ ਉਤਪੰਨ ਕਰਨੀਆਂ
(v) ਅਗਵਾਈ ਪ੍ਰੋਗ੍ਰਾਮ ਨਿਰਧਾਰਿਤ ਕਰਨਾ, ਯੋਜਨਾ ਬਣਾਉਣੀ ਅਤੇ ਆਯੋਜਨ ਕਰਨੇ
(vi) ਸਹੀ ਮੁਲਾਂਕਣ ਤਕਨੀਕਾਂ ਨੂੰ ਅਪਨਾਉਣਾ

ਸਿੱਖਿਆ ਮਨੋਵਿਗਿਆਨ ਉਹਨਾਂ ਹਾਲਾਤਾਂ ਨਾਲ ਸਬੰਧਿਤ ਹੈ ਜਿਹਨਾਂ ਤੋਂ ਸਾਨੂੰ ਮਨੁੱਖੀ ਵਿਕਾਸ ਵਿਚਲੇ ਵਾਧੇ ਜਾਂ ਆ ਰਹੀ ਕਮੀ ਬਾਰੇ ਪਤਾ ਚਲਦਾ ਹੈ। ਇਸ ਖੋਜ ਤੇ ਆਧਾਰਤ ਕੁਝ ਸਿਧਾਂਤ ਬਣਾਏ ਜਾਂਦੇ ਹਨ ਜੋ ਕਿ ਸਕੂਲ ਪ੍ਰਬੰਧ ਨੂੰ ਸਹੀ ਸਮਾਜਿਕ ਅਧਾਰ ਤੇ ਚਲਾਉਣ ਵਿੱਚ ਸਹਾਈ ਹੁੰਦੇ ਹਨ। ਸਿੱਖਿਆ ਮਨੋਵਿਗਿਆਨ ਦਾ ਪ੍ਰਮੁੱਖ ਉਦੇਸ਼ ਹੈ ਅਧਿਆਪਕਾਂ ਨੂੰ ਇਹੋ ਜਿਹੇ ਸਿਧਾਂਤਾਂ ਦਾ ਗਿਆਨ ਦੇਣਾ ਜਿਹਨਾਂ ਉਪਰ ਚਲਕੇ ਸੱਭਿਆਚਾਰਕ ਅਤੇ ਕਿਤੱਈ ਟੀਚਿਆਂ ਨੂੰ ਹਾਸਿਲ ਕੀਤਾ ਜਾ ਸਕੇ।

ਚੌਹਾਨ ਅਨੁਸਾਰ ਸਿੱਖਿਆ ਮਨੋਵਿਗਿਆਨ ਦੇ ਪ੍ਰਮੁੱਖ ਉਦੇਸ਼ ਹਨ:

(i) ਅਧਿਆਪਕਾਂ ਨੂੰ ਅਧਿਆਪਨ ਦੇ ਬੁਨਿਆਦੀ ਹੁਨਰਾਂ ਦੀ ਜਾਣਕਾਰੀ ਦੇਣਾ।

(ii) ਅਧਿਆਪਨ-ਸਿੱਖਣ ਪ੍ਰਕ੍ਰਿਆ ਵਿਚਲੀਆਂ ਸਮੱਸਿਆਵਾਂ ਨੂੰ ਨਿਪਟਾਉਣ ਲਈ ਮਾਰਗ ਦਰਸ਼ਨ ਕਰਨਾ।

(iii) ਅਧਿਆਪਕਾਂ ਨੂੰ ਵਿਗਿਆਨ ਬਾਰੇ ਸਮਝਣ ਵਿੱਚ ਮਦਦ ਕਰਨਾ।

(iv) ਅਧਿਆਪਕਾਂ ਵਿੱਚ ਅਜਿਹਾ ਜਜ਼ਬਾ ਪੈਦਾ ਕਰਨਾ ਤਾਂ ਜੋ ਉਹ ਆਪਦੀ ਕਿਤੱਈ ਵ੍ਰਿਧੀ ਲਈ ਉਤੇਜ਼ਤ ਰਹਿਣ।

ਉਪਰੋਕਤ ਉਦੇਸ਼ਾਂ ਤੋਂ ਇਲਾਵਾ, ਸਿੱਖਿਆ ਮਨੋਵਿਗਿਆਨ ਅਧਿਆਪਕਾਂ ਨੂੰ ਅਜਿਹੇ ਤੱਥਾਂ ਅਤੇ ਸਿਧਾਂਤਾਂ ਤੋਂ ਜਾਣੂ ਕਰਵਾਉਂਦਾ ਹੈ ਤਾਂ ਜੋ ਉਹ ਆਪਣੀਆਂ ਅਧਿਆਪਨ ਸੰਬੰਧੀ ਮੁਸ਼ਕਲਾਂ ਨੂੰ ਹਲ ਕਰ ਸਕਣ ਅਤੇ ਅਨੁਕੂਲਤਾ ਪੈਦਾ ਕਰ ਸਕਣ।

ਅਧਿਆਪਕਾਂ ਨੂੰ ਗਿਆਨ ਮਿਲਦਾ ਹੈ ਕਿ ਉਹ ਕਿਸ ਤਰ੍ਹਾਂ ਸਿੱਖਿਆ ਸੰਬੰਧੀ ਮੁਸ਼ਕਿਲਾਂ ਦਾ ਸਹਮਣਾ ਕਰਨ, ਉਸ ਨੂੰ **ਨਿਰਦੇਸ਼ ਪ੍ਰਦਾਨ ਕਰਨ ਦੇ ਸਹੀ ਤਰੀਕਿਆਂ ਦਾ ਗਿਆਨ**ਮਿਲਦਾ ਹੈ। ਅਧਿਆਪਕ ਨੂੰ ਪਤਾ ਲਗਦਾ ਹੈ ਕਿਸ ਹੱਦ ਤੱਕ ਬੱਚਾ ਸਿੱਖਣ, ਗ੍ਰਹਿਣ ਕਰਨ ਦੀ ਸਮਰਥਾ ਰਖਦਾ ਹੈ। ਸੱਭਿਆਚਾਰਕ ਵਿਵਹਾਰ ਵਿੱਚ ਸੁਧਾਰ ਆ ਸਕਦਾ ਹੈ ਤੇ ਸ਼ਖ਼ਸੀਅਤ ਵਿੱਚ ਅਨੁਕੂਲਤਾ ਪੈਦਾ ਕੀਤੀ ਜਾ ਸਕਦੀ ਹੈ।

ਸਿੱਖਿਆ ਦੇ ਖੇਤਰ ਵਿੱਚ ਅਧਿਆਪਕ ਇਹੋ ਜਿਹੇ ਅਸੂਲਾਂ ਦਾ ਪ੍ਰਯੋਗ ਕਰੇ ਜਿਨ੍ਹਾਂ ਦੁਆਰਾ ਬੱਚਿਆਂ ਦੇ ਵਿਵਹਾਰ ਵਿੱਚ ਲੋੜੀਂਦੀ ਤਬਦੀਲੀ ਲਿਆਂਦੀ ਜਾ ਸਕੇ ਤਾਂ ਕਿ ਉਹ ਵਧੀਆ ਸਮਾਜਿਕ ਜੀਵ ਬਣ ਸਕਣ। ਸਿੱਖਿਆ ਮਨੋਵਿਗਿਆਨ ਅਧਿਆਪਕ ਦੀ ਮਦਦ ਕਰਦਾ ਹੈ ਤਾਂ ਜੋ ਉਹ **ਬੱਚੇ ਦੇ ਵਿਵਹਾਰ ਨੂੰ ਵਾਸਤਵਿਕ ਤੌਰ ਤੇ ਪਰਖ** ਸਕੇ ਤੇ ਉਸ ਵਿੱਚ ਲੋੜੀਂਦੀ ਅਦਲਾ-ਬਦਲੀ ਕਰ ਸਕੇ।

**ਸਿੱਖਿਆ ਮਨੋਵਿਗਿਆਨ ਵਿਸ਼ਾ-ਵਸਤੂ ਨੂੰ ਆਯੋਜਿਤ ਕਰਨ**ਅਤੇ ਉਸਨੂੰ ਬੱਚਿਆਂ ਦੀ ਮਾਨਸਿਕ-ਅਵਸਥਾ ਦੇ ਅਨੁਕੂਲ ਬਣਾਉਣ ਵਿੱਚ ਮਦਦ ਕਰਦਾ ਹੈ।

ਸਮਾਜਿਕ ਰਿਸ਼ਤਿਆਂ ਨੂੰ ਸਿੱਖਿਆ ਦੇ ਖੇਤਰ ਰਾਹੀਂ ਕਿਸ ਤਰ੍ਹਾਂ ਪ੍ਰਫੁਲਿਤ ਕੀਤਾ ਜਾ ਸਕੇ, ਇਸ ਵਿੱਚ ਵੀ ਸਿੱਖਿਆ ਮਨੋਵਿਗਿਆਨ ਅਧਿਆਪਕ ਦੀ ਮਦਦ ਕਰਦਾ ਹੈ। ਸਕੂਲ ਵਿੱਚ ਸਮੂਹਿਕ ਸਰਗਰਮੀਆਂ ਆਯੋਜਿਤ ਕਰਕੇ ਅਧਿਆਪਕ ਆਪਣੇ ਵਿਦਿਆਰਥੀਆਂ ਵਿੱਚ **ਸਮਾਜ ਪ੍ਰਤੀ ਪ੍ਰੇਮ-ਭਾਵਨਾ ਉਤਪੰਨ** ਕਰਦਾ ਹੈ।

ਸਿੱਖਿਆ ਮਨੋਵਿਗਿਆਨ ਅਧਿਆਪਕ ਨੂੰ **ਆਪਣੇ ਪੇਸ਼ੇ ਨੂੰ ਚੰਗੀ ਤਰ੍ਹਾਂ ਸਮਝਣ ਦੀ ਸਮਰਥਾ**ਪੈਦਾ ਕਰਦਾ ਹੈ, ਉਸ ਨੂੰ ਅਧਿਆਪਕ ਦੇ ਕਿੱਤੇ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਉਂਦਾ ਹੈ।

ਸਿੱਖਿਆ ਮਨੋਵਿਗਿਆਨ ਰਾਹੀਂ **ਅਧਿਆਪਕ ਆਪਣੇ ਅਤੇ ਹੋਰਾਂ ਦੇ ਵਿਵਹਾਰ ਦਾ ਵਿਸ਼ਲੇਸ਼ਣ**ਕਰਦਾ ਹੈ ਜੋ ਕਿ ਸ਼ਖ਼ਸੀਅਤ ਵਿੱਚ ਇਕਸਾਰਤਾ ਲਿਆਉਣ ਲਈ ਅਤਿ ਅਵੱਸ਼ਕ ਹੈ। ਅਧਿਆਪਕ ਹੋਰਨਾਂ ਨੂੰ ਵੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਮਦਦ ਕਰਦਾ ਹੈ।

ਸਿੱਖਿਆ ਮਨੋਵਿਗਿਆਨ **ਪ੍ਰਸ਼ਾਸਕਾਂ ਨੂੰ ਸਿੱਖਿਅਕ ਅਦਾਰਿਆਂ ਦੀ ਸਥਾਪਨਾ ਅਤੇ ਪ੍ਰਾਸਨ ਵਿੱਚ ਮਦਦ ਕਰਦਾ ਹੈ**ਅਤੇ ਅਧਿਆਪਨ ਦਾ ਸਹੀ ਤੇ ਵਿਗਿਆਨਕ ਨਿਰੀਖਣ ਕਰਨ ਵਿੱਚ ਸਹਾਈ ਹੁੰਦਾ ਹੈ।

ਸਿੱਖਿਆ ਮਨੋਵਿਗਿਆਨ ਰਾਹੀਂ ਸਿੱਖਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਸਹੀ ਤੌਰ ਤੇ ਮੁਲਾਂਕਣ ਕੀਤਾ ਜਾ ਸਕਦਾ ਹੈ ਤੇ ਬੱਚਿਆਂ ਦੀ ਬੁੱਧੀ ਦਾ ਅਨੁਮਾਨ ਵੀ ਲਗਾਇਆ ਜਾ ਸਕਦਾ ਹੈ।

### 1.1.7 ਸਿੱਖਿਆ ਮਨੋਵਿਗਿਆਨ ਦਾ ਮੰਤਵ ਅਤੇ ਲੋੜ (Need and Importance of Educational Psychology):

ਅਧਿਆਪਨ-ਸਿੱਖਣ ਪ੍ਰਕ੍ਰਿਆ ਨੂੰ ਸਫ਼ਲ ਬਣਾਉਣ ਲਈ ਸਿੱਖਿਅਕ ਮਨੋਵਿਗਿਆਨ ਦੇ ਜਾਣਨ ਦੀ ਬਹੁਤ ਜ਼ਰੂਰਤ ਹੈ। ਅਧਿਆਪਕ ਬੱਚਿਆਂ ਲਈ ਇੱਕ ਮਾਲੀ ਦੀ ਭੂਮਿਕਾ ਅਦਾ ਕਰਦਾ ਹੈ। ਜਿਸ ਤਰ੍ਹਾਂ ਪੌਦੇ ਨੂੰ ਪੇੜ ਬਣਾਉਣ ਲਈ ਮਾਲੀ ਨੂੰ ਪੌਦ ਜੀਵਨ ਦੀ ਜਾਣਕਾਰੀ ਹੋਣੀ ਚਾਹੀਦੀ ਹੈ, ਉਸੀ ਤਰ੍ਹਾਂ ਅਧਿਆਪਕ ਨੂੰ ਵੀ ਬੱਚੇ ਦੀ ਜਾਣਕਾਰੀ ਹੋਣੀ ਚਾਹੀਦੀ ਹੈ।

ਇੱਕ ਹੋਰ ਕਾਰਨ ਹੈ ਕਿ ਮਨੋਵਿਗਿਆਨ ਦੀ ਜਾਣਕਾਰੀ ਅਧਿਆਪਕ ਲਈ ਜ਼ਰੂਰੀ ਕਿਉਂ ਹੈ? ਇੱਕ ਚੰਗੇ ਅਧਿਆਪਕ ਨੂੰ ਨਾ ਸਿਰਫ਼ ਵਿਸ਼ਾ-ਵਸਤੂ ਦਾ ਗਿਆਨ ਹੋਣਾ ਚਾਹੀਦਾ ਹੈ ਬਲਕਿ ਉਸ ਨੂੰ ਉਹਨਾਂ ਬੱਚਿਆਂ ਦੀਆਂ ਜ਼ਰੂਰਤਾਂ, ਯੋਗਤਾਵਾਂ ਅਤੇ ਅਭਿਲਾਸ਼ਾਵਾਂ ਦਾ ਗਿਆਨ ਹੋਣਾ ਵੀ ਲਾਜ਼ਮੀ ਹੈ। ਇਹਨਾਂ ਸਭ ਬਾਰੇ ਅਧਿਆਪਕ ਨੂੰ ਜਾਣਕਾਰੀ ਤਾਂ ਹੀ ਹਾਸਿਲ

ਹੋ ਸਕਦੀ ਹੈ ਜੇਕਰ ਉਹ ਮਨੋਵਿਗਿਆਨ ਬਾਰੇ ਜਾਣਦਾ ਹੈ। ਇਸ ਲਈ ਉਸਨੂੰ ਸਿੱਖਿਆ ਮਨੋਵਿਗਿਆਨ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਸਿੱਖਿਆ ਮਨੋਵਿਗਿਆਨ ਅਧਿਆਪਕ ਵਿੱਚ ਆਤਮ-ਵਿਸ਼ਵਾਸ ਪੈਦਾ ਕਰਦਾ ਹੈ। ਸਿੱਖਿਆ ਮਨੋਵਿਗਿਆਨ ਦਾ ਗਿਆਨ ਅਧਿਆਪਕ ਨੂੰ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਸੁਲਝਾਉਣ ਵਿੱਚ ਸਹਾਇਤਾ ਕਰਦਾ ਹੈ।

ਸਿੱਖਿਆ ਦੇ ਟੀਚਿਆਂ ਦੀ ਪ੍ਰਾਪਤੀ ਲਈ ਅਧਿਆਪਕ ਨੂੰ ਮਨੋਵਿਗਿਆਨ ਬਾਰੇ ਜਾਣਨਾ ਜ਼ਰੂਰੀ ਹੈ। ਜਦੋਂ ਅਧਿਆਪਕ ਇਹ ਤਹਿ ਕਰ ਲੈਂਦਾ ਹੈ ਕਿ ਉਸਨੇ ਬੱਚਿਆਂ ਦੇ ਵਿਵਹਾਰ ਵਿੱਚ ਕਿਹੜੇ ਬਦਲਾਵ ਲਿਆਉਣੇ ਹਨ ਤਾਂ ਉਹ ਸਿੱਖਿਆ ਮਨੋਵਿਗਿਆਨ ਦੇ ਸਹਾਰੇ ਹੀ ਇਨ੍ਹਾਂ ਬਦਲਾਵਾਂ ਨੂੰ ਅਮਲੀ ਜਾਮਾ ਪਹਿਨਾ ਸਕਦਾ ਹੈ।

ਸਿੱਖਿਆ ਮਨੋਵਿਗਿਆਨ ਦਾ ਗਿਆਨ ਅਧਿਆਪਕ ਨੂੰ ਸਿੱਖਣ ਪ੍ਰਕ੍ਰਿਆ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਤੇ ਉਹਨਾਂ ਦੇ ਸਮਾਧਾਨਾਂ ਤੋਂ ਭਲੀ-ਭਾਂਤੀ ਜਾਣੂ ਕਰਵਾਉਂਦਾ ਹੈ। ਸਿੱਖਿਆ ਮਨੋਵਿਗਿਆਨ ਅਧਿਆਪਕ ਨੂੰ ਸਿਖਾਉਣ ਦੇ ਵੱਖ-ਵੱਖ ਤਰੀਕਿਆਂ ਤੋਂ ਵਾਕਫ਼ ਕਰਵਾਉਂਦਾ ਹੈ ਤੇ ਆਪਦੇ ਦੁਆਰਾ ਦਿੱਤੀ ਗਈ ਸਿੱਖਿਆ ਦੇ ਨਤੀਜਿਆਂ ਨੂੰ ਮਾਪਣ ਵਿੱਚ ਮਦਦ ਕਰਦਾ ਹੈ। ਪਾਠ-ਕ੍ਰਮ ਬਣਾਉਣ ਵਾਲਿਆਂ ਲਈ ਵੀ ਸਿੱਖਿਆ ਮਨੋਵਿਗਿਆਨ ਦਾ ਗਿਆਨ ਹੋਣਾ ਅਤਿ ਜ਼ਰੂਰੀ ਹੈ। ਅਧਿਆਪਨ ਦੌਰਾਨ ਦ੍ਰਿਸ਼ਟੀ-ਸ੍ਰੋਤ ਸਹਾਇਕ ਸਾਧਨਾਂ ਦੀ ਵਰਤੋਂ ਸਿੱਖਣ ਨੂੰ ਆਸਾਨ, ਦਿਲਚਸਪ ਅਤੇ ਪ੍ਰਭਾਵਸ਼ਾਲੀ ਬਣਾ ਦਿੰਦੀ ਹੈ। ਸਿੱਖਿਆ ਮਨੋਵਿਗਿਆਨ ਅਧਿਆਪਕਾਂ ਨੂੰ ਖੋਜ (Research) ਕਰਨ ਵਿੱਚ ਅਤੇ ਨਵੀਆਂ ਵਿਧੀਆਂ ਦੀ ਵਰਤੋਂ ਕਰਨ ਵਿੱਚ ਮਦਦ ਕਰਦਾ ਹੈ।

ਸਿੱਖਿਆ ਮਨੋਵਿਗਿਆਨ ਅਧਿਆਪਕ ਨੂੰ ਆਪਣੀ ਮਾਨਸਿਕ ਸਿਹਤ ਸੁਧਾਰਨ ਵਿੱਚ ਸਹਾਇਕ ਹੁੰਦਾ ਹੈ। ਅਧਿਆਪਕ ਦਾ ਰਵਈਆ ਆਪਣੇ ਵਿਦਿਆਰਥੀਆਂ ਪ੍ਰਤੀ ਸਹਾਨੁਭੂਤੀਜਨਕ ਹੋਣਾ ਚਾਹੀਦਾ ਹੈ। ਸਿੱਖਿਆ ਮਨੋਵਿਗਿਆਨ ਅਧਿਆਪਕਾਂ ਨੂੰ ਵਿਦਿਆਰਥੀਆਂ ਦੇ ਸਦਾਚਾਰ ਬਾਰੇ ਗਿਆਨ ਪ੍ਰਾਪਤ ਕਰਨ ਵਿੱਚ ਸਹਾਈ ਹੁੰਦਾ ਹੈ। ਸਿੱਖਿਆ ਮਨੋਵਿਗਿਆਨ ਅਧਿਆਪਕ ਦੇ ਸਵੈ-ਮੁਲਾਂਕਣ ਵਿੱਚ ਸਹਾਈ ਹੁੰਦਾ ਹੈ।

### 1.1.8 ਸਾਰ (Summary)

ਇਸ ਤਰਾਂ ਅਸੀਂ ਕਹਿ ਸਕਦੇ ਹਾਂ ਕਿ ਮਨੋਵਿਗਿਆਨ ਦਾ ਅਧਿਐਨ ਬੱਚੇ ਦੀ ਪ੍ਰਕਿਰਤੀ ਨੂੰ ਸਮਝਣ ਵਿੱਚ ਸਹਾਇਤਾ ਕਰਦਾ ਹੈ।

ਮਨੋਵਿਗਿਆਨ ਵਿਵਹਾਰ ਨੂੰ ਸਮਝਣ, ਨਿਯੰਤਰਣ ਅਤੇ ਪੂਰਵ ਸੂਚਿਤ ਕਰਨ ਵਿੱਚ ਮਦਦ ਕਰਦਾ ਹੈ ਜਦ ਕਿ ਸਿੱਖਿਆ ਪੜ੍ਹਾਉਣ ਦੀ ਕਾਰਜ ਪ੍ਰਣਾਲੀ ਹੈ ਜੋ ਇਹ ਦਸਦੀ ਹੈ ਕਿ ਵਿਵਹਾਰ ਵਿੱਚ ਬਦਲਾਵ ਕਿਸ ਤਰ੍ਹਾਂ ਲਿਆਂਦਾ ਜਾ ਸਕਦਾ ਹੈ ਅਤੇ ਉਸ ਦੀ ਉਸਾਰੀ ਅਤੇ ਮੁਲਾਂਕਣ ਵਿੱਚ ਮਦਦ ਕਰਦੀ ਹੈ। ਸਿੱਖਿਆ ਮਨੋਵਿਗਿਆਨ ਵਿਕਾਸ ਦੇ ਵੱਖ-ਵੱਖ ਪੜ੍ਹਾਵਾਂ ਤੇ ਬੱਚੇ ਦੀ ਸੰਭਾਵੀ ਸ਼ਕਤੀਆਂ, ਉਸਦੇ ਵਾਧੇ ਤੇ ਪ੍ਰੱਪਕਤਾ ਦੇ ਵਿਸ਼ਲੇਸ਼ਣ ਕਰਨ ਵਿੱਚ ਮਦਦ ਕਰਦਾ ਹੈ।

ਸਿੱਖਿਆ ਮਨੋਵਿਗਿਆਨ ਦੇ ਮੁੱਖ ਉਦੇਸ਼ ਸਿੱਖਣ ਵਿੱਚ ਵਾਧੇ ਨੂੰ ਹਾਸਿਲ ਕਰਨਾ, ਸਮਾਜਿਕ ਵਿਵਹਾਰ ਵਿੱਚ ਸੁਧਾਰ, ਸ਼ਖ਼ਸੀਅਤ ਅਤੇ ਅਨੁਕੂਲਣ ਦਾ ਅਸਰ ਹਨ। ਇਸ ਦੇ ਨਾਲ ਹੀ ਅਧਿਆਪਕ ਉਦੇਸ਼ ਦੀ ਪਰਿਭਾਸ਼ਾ ਦੇ ਸਕਦਾ ਹੈ ਅਤੇ ਪੜ੍ਹਾਵਾਂ ਦਾ ਮੁਲਾਂਕਣ ਕਰਨ, ਪ੍ਰਬੰਧ ਕਰਨ ਦੀ ਸ਼ਕਤੀ ਰੱਖਦਾ ਹੈ। ਵੱਖ-ਵੱਖ ਵਿਗਿਆਨੀਆਂ ਨੇ ਸਿੱਖਿਆ ਮਨੋਵਿਗਿਆਨ ਦੇ ਖੇਤਰ ਨੂੰ ਅਲਗ-ਅਲਗ ਤਰ੍ਹਾਂ ਉਲੀਕਿਆ ਹੈ।

ਗੈਰੀਸਨ (Garrison) ਦੇ ਅਨੁਸਾਰ ਸਿੱਖਿਆ ਦੇ ਖੇਤਰ........ ਬੱਚਾ ਅਤੇ ਉਸ ਦਾ ਵਿਕਾਸ, ਸਿੱਖਣਾ ਅਤੇ ਸਿੱਖਣ ਦੀ ਕ੍ਰਿਆ, ਸਿੱਖਿਆਰਥੀ ਦੀ ਅਗਵਾਈ ਹਨ। ਲਿੰਡਗਰੈਨ (Lindgren) ਦੇ ਅਨੁਸਾਰः ਸਿੱਖਿਆਰਥੀ, ਸਿੱਖਣ ਪ੍ਰਕਿਰਿਆ ਅਤੇ ਸਿੱਖਣ ਅਵਸਥਾ ਸਿੱਖਿਅਕ ਮਨੋਵਿਗਿਆਨ ਦੇ ਖੇਤਰ ਹਨ।

### 1.1.9 ਮੁੱਖ ਨੁਕਤੇ :-

**__ਸਿੱਖਿਆ ਮਨੋਵਿਗਿਆਨ ਦਾ ਅਰਥ**

**__ਸਿੱਖਿਆ ਮਨੋਵਿਗਿਆਨ ਦਾ ਉਦੇਸ਼**

**__ਸਿੱਖਿਆ ਮਨੋਵਿਗਿਆਨ ਦਾ ਮੰਤਵ ਅਤੇ ਲੋੜ**

**1.1.10 ਸਵੈ-ਮੁਲਾਂਕਣ ਅਭਿਆਸ**

**ਖਾਲੀ ਥਾਵਾਂ ਭਰੋ:**

1. ਮਨੋਵਿਗਿਆਨ ............................... ਦਾ ਵਿਗਿਆਨ ਹੈ।
2. ਸਿੱਖਿਆ ਦਾ ਖਾਸ ਮੰਤਵ ਵਿਵਹਾਰ ਵਿੱਚ ............................... ਲਿਆਉਣਾ ਹੈ।
3. ਸਿੱਖਿਆ ਦਾ ਮੂਲ ਉਦੇਸ਼ ਵਿਅਕਤੀ ਦਾ ............................... ਵਿਕਾਸ ਕਰਨਾ ਹੈ।
4. ਲਿੰਡਗਰੈਨ ਨੇ ਸਿੱਖਿਅਕ ਮਨੋਵਿਗਿਆਨ ਦੇ ................. , ................. ਅਤੇ .............. ਪਹਿਲੂ ਦੱਸੇ ਹਨ।
5. ਸਿੱਖਿਆ ਮਨੋਵਿਗਿਆਨ ਦੇ ਸਿਧਾਂਤ .................. ਅਤੇ .................. ਹਨ।

**ਉੱਤਰ**

(1) ਵਿਵਹਾਰ

(2) ਤਬਦੀਲੀ

(3) ਸਰਵ-ਪੱਖੀ

(4) ਸਿੱਖਿਆਰਥੀ, ਸਿੱਖਣ ਕਿਰਿਆ, ਸਿੱਖਣ ਅਵੱਸਥਾ

(5) ਸਰਵਲੌਕਿਕ, ਪ੍ਰਮਾਣਿਕ

**1.1.11 ਸੁਝਾਏ ਪ੍ਰਸ਼ਨ :-**

1. **ਸਿੱਖਿਆ ਮਨੋਵਿਗਿਆਨ ਤੋ ਤੁਹਾਡਾ ਕੀ ਭਾਵ ਹੈ?**
2. **ਸਿੱਖਿਆ ਮਨੋਵਿਗਿਆਨ ਦਾ ਵਿਸ਼ਾ ਖੇਤਰ ਕੀ ਹੈ?**
3. **ਸਿੱਖਿਆ ਮਨੋਵਿਗਿਆਨ ਦਾ ਮੰਤਵ ਅਤੇ ਲੋੜਾਂ ਕੀ ਹਨ ?**

**1.1.12 ਸੁਝਾਈਆਂ ਪੁਸਤਕਾਂ**

1. ਐਸ.ਐਸ. ਚੌਹਾਨ — ਐਡਵਾਂਸਡ ਐਜੂਕੇਸ਼ਨਲ ਸਾਈਕਾਲੋਜੀ (ਅੰਗ੍ਰੇਜ਼ੀ)
2. ਐਸ.ਐਸ. ਮਾਥੁਰ — ਐਜੂਕੇਸ਼ਨਲ ਸਾਈਕਾਲੋਜੀ (ਅੰਗ੍ਰੇਜ਼ੀ)
3. ਡਾ. ਮਿਨਾਕਸ਼ੀ ਸ਼ਰਮਾ — ਉੱਚਤਰ ਸਿੱਖਿਆ ਮਨੋਵਿਗਿਆਨ
4. ਸੋਢੀ ਅਤੇ ਸੋਢੀ — ਸਿੱਖਿਆਰਥੀ ਅਤੇ ਅਧਿਆਪਨ - ਸਿੱਖਣ ਦੀ ਪ੍ਰਕਿਰਿਆ ਦਾ ਵਿਕਾਸ
5. ਡਾ. ਆਗਿਆਜੀਤ ਸਿੰਘ — ਸਿੱਖਿਆ ਮਨੋਵਿਗਿਆਨ ਅਤੇ ਅਗਵਾਈ

ਪਾਠ ਨੰਬਰ : 1.2

# ਵਾਧਾ ਅਤੇ ਵਿਕਾਸ : ਵਾਧੇ ਅਤੇ ਵਿਕਾਸ ਦੇ ਸਿਧਾਂਤ, ਮੁਢਲੀ ਬਾਲ ਅਵਸਥਾ ਅਤੇ ਪਿਛਲੀ ਬਾਲ ਅਵਸਥਾ ਵਿਚ ਸਰੀਰਕ, ਬੌਧਿਕ, ਭਾਵਨਾਤਮਕ ਅਤੇ ਸਮਾਜਿਕ ਵਿਕਾਸ ਦੀਆਂ ਵਿਸ਼ੇਸ਼ਤਾਵਾਂ

**ਬਣਤਰ**

1.2.1 ਪਾਠ ਦੇ ਉਦੇਸ਼
1.2.2 ਭੂਮਿਕਾ
1.2.3 ਵਾਧੇ ਅਤੇ ਵਿਕਾਸ ਦਾ ਅਰਥ
1.2.4 ਵਾਧੇ ਅਤੇ ਵਿਕਾਸ ਦੇ ਸਿਧਾਂਤ
1.2.5 ਮਨੁੱਖੀ ਵਿਕਾਸ ਦੇ ਪੜਾਅ
1.2.5.1 ਮੁਢਲੀ ਬਾਲ ਅਵਸਥਾ
1.2.5.1.1 ਮੁਢਲੀ ਬਾਲ ਅਵਸਥਾ ਵਿਚ ਸ਼ਰੀਰਕ ਵਿਕਾਸ
1.2.5.1.2 ਮੁਢਲੀ ਬਾਲ ਅਵਸਥਾ ਵਿਚ ਮਾਨਸਿਕ ਵਿਕਾਸ
1.2.5.1.3 ਮੁਢਲੀ ਬਾਲ ਅਵਸਥਾ ਵਿਚ ਭਾਵਨਾਤਮਕ ਵਿਕਾਸ
1.2.5.1.4 ਮੁਢਲੀ ਬਾਲ ਅਵਸਥਾ ਵਿਚ ਸਮਾਜਿਕ ਵਿਕਾਸ
1.2.5.1.5 ਮੁਢਲੀ ਬਾਲ ਅਵਸਥਾ ਵਿਚ ਸਿੱਖਿਆ
1.2.5.2 ਬਾਲ ਅਵਸਥਾ (ਬਚਪਨਕਾਲ)
1.2.5.2.1 ਬਾਲ ਅਵਸਥਾ ਵਿਚ ਸ਼ਰੀਰਕ ਵਿਕਾਸ
1.2.5.2.2 ਬਾਲ ਅਵਸਥਾ ਵਿਚ ਮਾਨਸਿਕ ਵਿਕਾਸ
1.2.5.2.3 ਬਾਲ ਅਵਸਥਾ ਵਿਚ ਭਾਵਨਾਤਮਕ ਵਿਕਾਸ
1.2.5.2.4 ਬਾਲ ਅਵਸਥਾ ਵਿਚ ਸਮਾਜਿਕ ਵਿਕਾਸ
1.2.5.2.5 ਬਾਲ ਅਵਸਥਾ ਵਿਚ ਸਿੱਖਿਆ
1.2.6 ਸਾਰਾਂਸ਼
1.2.7 ਮੁੱਖ ਨੁਕਤੇ
1.2.8 ਸਵੈ-ਮੁਲਾਂਕਣ ਅਭਿਆਸ
1.2.9 ਸੁਝਾਏ ਪ੍ਰਸ਼ਨ
1.2.10 ਸੁਝਾਈ ਪੁਸਤਕ ਸੂਚੀ

## 1.2.1 ਭੂਮਿਕਾ (Introduction)

ਕੀ ਤੁਸੀਂ ਦੱਸ ਸਕਦੇ ਹੋ ਕਿ ਇਕ ਅਧਿਆਪਕ ਲਈ ਵਾਧੇ ਅਤੇ ਵਿਕਾਸ ਦੀ ਜਾਣਕਾਰੀ ਕਿਉਂ ਜ਼ਰੂਰੀ ਹੈ? ਇਸ ਦਾ ਉੱਤਰ ਇਹ ਹੈ ਕਿ ਇਕ ਅਧਿਆਪਕ ਦਾ ਵਾਸਤਾ ਵੱਖ-ਵੱਖ ਸਮਾਜਿਕ ਆਰਥਿਕ ਅਤੇ ਸਭਿਆਚਾਰਕ ਪਿਛੋਕੜ ਦੇ ਬੱਚਿਆਂ ਨਾਲ ਪੈਂਦਾ ਹੈ ਜਿਹੜੇ ਕਿ ਵਿਕਾਸ ਦੇ ਵੱਖ-ਵੱਖ ਪੱਧਰਾਂ ਤੇ ਆਪਸ ਵਿਚ ਬਹੁਤ ਵਖਰੇਵੇਂ ਰੱਖਦੇ ਹਨ ਜਾਂ ਅਸੀਂ ਕਹਿ ਸਕਦੇ ਹਾਂ ਕਿ ਇਕ ਦੂਸਰੇ ਤੋਂ ਬਹੁਤ ਭਿੰਨ ਹੁੰਦੇ ਹਨ। ਸਮਾਜ ਦਾ ਇਕ ਮੁਖਤਾਰ ਹੋਣ ਦੇ ਨਾਤੇ ਅਧਿਆਪਕ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬੱਚੇ ਦੇ ਵਿਵਹਾਰ ਵਿਚ ਕੁਝ ਇਸ ਤਰ੍ਹਾਂ ਦੇ ਲੋੜੀਂਦੇ ਬਦਲਾਅ ਲੈਕੇ ਆਵੇ ਤਾਂ ਕਿ ਉਹੀ ਬੱਚਾ ਇਕ ਅੱਛਾ ਨਾਗਰਿਕ ਬਣ ਕੇ ਦੇਸ਼ ਦੀ ਤਰੱਕੀ ਵਿੱਚ ਆਪਣੀ ਭੂਮਿਕਾ ਨਿਭਾ ਸਕੇ।

ਘਰ ਵਿਚ ਬੱਚੇ ਦੇ ਪੈਦਾ ਹੋਣ ਨਾਲ ਹੀ ਉਸ ਦੇ ਭਵਿੱਖ ਦੀ ਸੋਚ ਸ਼ੁਰੂ ਹੋ ਜਾਂਦੀ ਹੈ। ਉਹ ਕਦੋਂ ਵੱਡਾ ਹੋਵੇਗਾ, ਕਦੋਂ ਬੈਠਣਾ, ਰੁੜ੍ਹਨਾ ਅਤੇ ਤੁਰਨਾ ਸਿੱਖੇਗਾ, ਕਦੋਂ ਬੋਲੇਗਾ ਅਤੇ ਵੱਡਾ ਹੋ ਕੇ ਕੀ ਬਣੇਗਾ ਆਦਿ। ਵੇਖਦੇ ਹੀ ਵੇਖਦੇ, ਉਸ ਵਿਚ ਸਰੀਰਕ, ਮਾਨਸਿਕ, ਸਮਾਜਿਕ ਅਤੇ ਭਾਵਨਾਤਮਕ ਤਬਦੀਲੀਆਂ ਆ ਜਾਂਦੀਆਂ ਹਨ ਅਤੇ ਤਬਦੀਲੀਆਂ ਦਾ ਸਿਲਸਿਲਾ ਚਲਦਾ ਹੀ ਰਹਿੰਦਾ ਹੈ।

## 1.2.2 ਉਦੇਸ਼ (Objectives)

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਹੇਠ ਲਿਖੇ ਤੱਥਾਂ ਤੋਂ ਜਾਣੂ ਹੋਣਗੇ :

1. ਵਾਧੇ ਅਤੇ ਵਿਕਾਸ ਦੀ ਪਰਿਭਾਸ਼ਾ ਦੇ ਸਕਣਗੇ।
2. ਵਾਧੇ ਅਤੇ ਵਿਕਾਸ ਦੇ ਸਿਧਾਂਤਾਂ ਦੀ ਵਿਆਖਿਆ ਕਰ ਸਕਣਗੇ।
3. ਮਨੁੱਖੀ ਵਾਧੇ ਅਤੇ ਵਿਕਾਸ ਦੇ ਹਰੇਕ ਪੜ੍ਹਾਅ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰ ਸਕਣਗੇ।
4. ਵਾਧੇ ਅਤੇ ਵਿਕਾਸ ਵਿਚ ਅੰਤਰ ਦੱਸਣ ਦੇ ਯੋਗ ਹੋਣਗੇ।

## 1.2.3 ਵਾਧੇ ਅਤੇ ਵਿਕਾਸ ਦਾ ਅਰਥ (Meaning of Growth and Development)

ਮਨੋਵਿਗਿਆਨ ਦੇ ਖੇਤਰ ਵਿਚ ਸਰੀਰਕ ਅਤੇ ਮਾਨਸਿਕ ਤਬਦੀਲੀਆਂ ਨਾਲ ਜੁੜੇ ਦੋ ਸ਼ਬਦ ਵਰਤੇ ਜਾਂਦੇ ਹਨ - ਵਾਧਾ ਅਤੇ ਵਿਕਾਸ। ਇਹ ਦੋਵੇਂ ਸ਼ਬਦ ਵਾਧਾ ਅਤੇ ਵਿਕਾਸ ਸਮਾਨਾਰਥਕ ਸ਼ਬਦਾਂ ਜਾਂ ਪਰਿਆਵਾਚੀ ਅਰਥਾਂ ਦੇ ਰੂਪ ਵਿਚ ਵਰਤੇ ਜਾਂਦੇ ਹਨ। ਬੱਚਾ ਵੱਡਾ ਹੋ ਰਿਹਾ ਹੈ, ਵਧ ਰਿਹਾ ਹੈ ਜਾਂ ਵਿਕਸਿਤ ਹੋ ਰਿਹਾ ਹੈ, ਇਕੋ ਹੀ ਗੱਲ ਦੇ ਪ੍ਰਤੀਕ ਹਨ। ਪਰ ਇਨ੍ਹਾਂ ਦੋਵਾਂ ਸ਼ਬਦਾਂ ਵਿਚ ਥੋੜ੍ਹਾ ਜਿੰਨਾਂ ਫਰਕ ਹੈ ਜਿਸ ਨੂੰ ਸਮਝ ਲੈਣਾ ਚਾਹੀਦਾ ਹੈ।

ਇਸ ਅੰਤਰ ਨੂੰ ਦਰਸਾਉਂਦਾ ਹੋਇਆ ਪ੍ਰੋ. ਗੈਸਲ (Gassal) ਕਹਿੰਦਾ ਹੈ ਕਿ ਵਿਕਾਸ ਵਧੇਰੇ ਚੌੜਾ ਅਤੇ ਵਿਸ਼ਾਲ ਸੰਕਲਪ ਹੈ ਜਿਸ ਵਿਚ ਵਾਧਾ ਸ਼ਾਮਲ ਹੁੰਦਾ ਹੈ। ਵਾਧਾ ਨਜ਼ਰ ਆਉਂਦਾ ਹੈ, ਇਸ ਨੂੰ ਸਹਿਜੇ ਹੀ ਅਤੇ ਸਹੀ-ਸਹੀ ਮਿਣਿਆ ਜਾ ਸਕਦਾ ਹੈ। ਵਿਕਾਸ ਵਿਚ ਸਰੀਰਕ ਰਚਨਾ ਤੇ ਮਾਨਸਿਕ ਵਿਕਾਸ ਦੋਵੇਂ ਹੀ ਸ਼ਾਮਲ ਹੁੰਦੇ ਹਨ। ਉਦਾਹਰਨ ਵਜੋਂ 18-19 ਸਾਲ ਦੀ ਉਮਰ ਤੇ ਲਗਭਗ ਵਾਧਾ ਤਾਂ ਕਈ ਪ੍ਰਕਾਰ ਨਾਲ ਬੰਦ ਹੋ ਜਾਂਦਾ ਹੈ, ਪਰ ਵਿਕਾਸ ਜਾਰੀ ਰਹਿੰਦਾ ਹੈ, ਸਾਰੀ ਉਮਰ ਹੁੰਦਾ ਰਹਿੰਦਾ ਹੈ।

ਪ੍ਰਸਿੱਧ ਮਨੋਵਿਗਿਆਨੀ ਹਰਲੋਕ (Hurlock) ਦਾ ਸਿਧਾਂਤ ਹੈ "ਪਰਪੱਕਤਾ ਦੀ ਪ੍ਰਾਪਤੀ ਵੱਲ ਕ੍ਰਮਬੱਧ ਜੜਤ ਕਿਸਮ ਦੀਆਂ ਪ੍ਰਗਤੀਸ਼ੀਲ ਤਬਦੀਲੀਆਂ ਨੂੰ ਵਿਕਾਸ ਕਿਹਾ ਜਾਂਦਾ ਹੈ।" ਇਸ ਪਰਿਭਾਸ਼ਾ ਦਾ ਵਿਸ਼ਲੇਸ਼ਣ ਕਰਨ ਤੇ ਤਿੰਨ ਗੱਲਾਂ ਸਾਹਮਣੇ ਆਉਂਦੀਆਂ ਹਨ।

(i) ਵਿਕਾਸ ਵਿਚਲੀਆਂ ਤਬਦੀਲੀਆਂ ਮਨੁੱਖ ਨੂੰ ਅੱਗੇ ਲੈ ਕੇ ਜਾ ਰਹੀਆਂ ਹੁੰਦੀਆਂ ਹਨ।

(ii) ਵਿਕਾਸ ਇਤਫਾਕਨ ਨਹੀ ਹੁੰਦਾ ਹੈ। ਇਸ ਦਾ ਹਰ ਪੜਾਅ ਪਿਛਲੇ ਪੜਾਅ ਨਾਲ ਜੁੜਿਆ ਹੋਇਆ ਹੁੰਦਾ ਹੈ। ਭਾਵ ਇਹ ਹੈ ਕਿ ਵਿਕਾਸ ਨਿਰੰਤਰ ਹੁੰਦਾ ਹੈ ਤੇ ਇਸ ਦੀਆਂ ਸੀਮਾਵਾਂ ਉਸ ਦਾ ਵਿਰਸਾ ਵੀ ਨਿਰਧਾਰਤ ਕਰਦੀਆਂ ਹਨ।

(iii) ਆਮ ਤੌਰ ਤੇ ਵਾਧਾ ਵਿਕਾਸ ਵਿਚ ਸਹਾਇਤਾ ਕਰਦਾ ਹੈ। ਅਰਥਾਤ ਜਿਵੇਂ-ਜਿਵੇਂ ਮਨੁੱਖ ਦਾ ਸਰੀਰ ਵੱਧਦਾ ਹੈ, ਕੱਦ-ਕਾਠ ਤੇ ਭਾਰ ਵੱਧਦਾ ਹੈ ਉਸਦੇ ਨਾਲ-ਨਾਲ ਹੀ ਉਸ ਦੇ ਗੁਣਾਂ ਅਤੇ ਕ੍ਰਿਆਵਾਂ ਵਿਚ ਵੀ ਵਾਧਾ ਹੁੰਦਾ ਰਹਿੰਦਾ ਹੈ ਪਰ ਕੁਝ ਇਕ ਹਾਲਾਤ ਅਜਿਹੇ ਵੀ ਹੁੰਦੇ ਹਨ ਕਿ ਵਾਧਾ ਤਾਂ ਹੁੰਦਾ ਹੈ ਪਰ ਵਿਕਾਸ ਜਾਂ ਤਾਂ ਹੁੰਦਾ ਹੀ ਨਹੀ ਜਾਂ ਫੇਰ ਬਹੁਤ ਘੱਟ ਹੀ ਹੁੰਦਾ ਹੈ।

ਵਾਧੇ ਅਤੇ ਵਿਕਾਸ ਵਿਚ ਇਕ ਬਹੁਤ ਹੀ ਮਹੱਤਵਪੂਰਨ ਅੰਤਰ ਇਹ ਹੈ ਕਿ ਵਾਧਾ ਮਾਤ੍ਰਿਕ (Quantitative) ਹੁੰਦਾ ਹੈ ਅਤੇ ਵਿਕਾਸ ਗੁਣਾਤਮਕ (qualitative) ਹੁੰਦਾ ਹੈ ਜਿਵੇਂ ਕਿ ਬੱਚੇ ਦੇ ਹੱਥਾਂ ਦਾ ਆਕਾਰ ਵੀ ਵੱਧਦਾ ਹੈ ਅਤੇ ਹੱਥਾਂ ਦੀ ਕ੍ਰਿਆ ਵੀ ਵੱਧਦੀ ਹੈ।

ਵਾਧਾ ਸਰੀਰ ਦੇ ਕਿਸੇ ਇਕ ਪੱਖ ਵਿਚ ਹੋ ਰਹੀ ਤਬਦੀਲੀ ਹੁੰਦੀ ਹੈ ਪਰ ਵਿਕਾਸ ਸਮੁੱਚੇ ਸਰੀਰ ਵਿਚ ਹੋ ਰਹੀਆਂ ਤਬਦੀਲੀਆਂ ਨਾਲ ਜੁੜਿਆ ਹੁੰਦਾ ਹੈ।

## 1.2.4 ਵਾਧੇ ਅਤੇ ਵਿਕਾਸ ਦੇ ਸਿਧਾਂਤ (Principles of Growth and Development)

ਉਪਰਲੀ ਚਰਚਾ ਤੋਂ ਵਾਧੇ ਅਤੇ ਵਿਕਾਸ ਦੀ ਪ੍ਰਕਿਰਤੀ ਬਾਰੇ ਪਤਾ ਚਲਦਾ ਹੈ ਅਤੇ ਇਹ ਵੀ ਪਤਾ ਚਲਦਾ ਹੈ ਕਿ ਵਿਕਾਸ ਅਤੇ ਵਾਧੇ ਵਿਚ ਕੀ ਫਰਕ ਹੈ ਅਤੇ ਕੀ ਦੋਵਾਂ ਵਿਚ ਸਾਂਝਾ ਹੈ। ਜਿਵੇਂ ਅਸੀਂ ਵੇਖਿਆ ਹੈ ਕਿ ਵਿਕਾਸ ਦੀ ਕ੍ਰਿਆ ਅਟਕਲਪੱਚੂ ਨਾ ਹੋ ਕੇ ਕੁਝ ਕੁ ਨਿਯਮਾਂ ਵਿਚ ਬੰਨ੍ਹੀ ਹੋਈ ਹੈ ਜਿਨ੍ਹਾਂ ਨੂੰ ਵਿਕਾਸ ਦੇ ਸਿਧਾਂਤ ਕਿਹਾ ਜਾਂਦਾ ਹੈ। ਵਾਧੇ ਅਤੇ ਵਿਕਾਸ ਦੇ ਇਹ ਸਿਧਾਂਤ ਹੇਠ ਲਿਖੇ ਅਨੁਸਾਰ ਹਨ:

(i) **ਵਿਕਾਸ ਕ੍ਰਮਿਕ ਅਤੇ ਵਿਵਸਥਿਤ ਸਿਲਸਿਲਾ ਹੈ (Development is an Orderly Sequence, it follows a Definite Pattern)** : ਵਿਕਾਸ ਨਿਸ਼ਚਿਤ ਕ੍ਰਮਾਨੁਸਾਰ, ਵਿਉਂਤ ਹੁੰਦਾ ਹੈ। ਜਿਵੇਂ ਬੱਚਾ ਸਭ ਨਾਲੋਂ ਪਹਿਲਾਂ ਸਿਰ ਸੰਭਾਲਣਾ ਸਿੱਖਦਾ ਹੈ, ਫਿਰ ਸਿਰ ਘੁਮਾਉਣਾ, ਫਿਰ ਬੈਠਣਾ, ਰਿੜ੍ਹਨਾ, ਖੜ੍ਹੇ ਹੋਣਾ ਤੇ ਬਾਅਦ ਵਿਚ ਟੁਰਨਾ ਅਤੇ ਦੌੜਨਾ। ਸਾਰੇ ਬੱਚੇ ਇਸੇ ਕ੍ਰਮ ਨਾਲ ਵਿਕਸਿਤ ਹੁੰਦੇ ਹਨ। ਵਿਕਾਸ ਦੀ ਵਿਉਂਤ ਦੇ ਦੋ ਅਸੂਲ ਹਨ

(ੳ) ਸਿਰ ਤੋਂ ਪੈਰਾਂ ਵੱਲ ਵਿਕਾਸ (Head to Foot Development)

(ਅ) ਰੀੜ੍ਹ ਤੋਂ ਚੁਗਿਰਦੇ ਵੱਲ ਵਿਕਾਸ (Backbone and around Development)

(ੳ) **ਸਿਰ ਤੋਂ ਪੈਰਾਂ ਵੱਲ ਵਿਕਾਸ** : ਸਿਰ ਤੋਂ ਪੈਰਾਂ ਵੱਲ ਵਿਕਾਸ (Head to Foot Development) ਦਾ ਭਾਵ ਹੈ ਕਿ ਵਿਕਾਸ ਸਿਰ ਵੱਲੋਂ ਸ਼ੁਰੂ ਹੋ ਕੇ ਹੌਲੀ-ਹੌਲੀ ਪੈਰਾਂ ਵੱਲ ਨੂੰ ਜਾਂਦਾ ਹੈ। ਬੱਚੇ ਦਾ ਪਹਿਲੋਂ ਸਿਰ ਵਿਕਸਿਤ ਹੁੰਦਾ ਹੈ ਤੇ ਇਹ ਵਿਰਧੀ ਪੈਰਾਂ ਵਲ ਨੂੰ ਜਾਂਦੀ ਹੈ। ਪਹਿਲਾਂ ਸਿਰ ਅਤੇ ਸਿਰ ਦੇ ਨੇੜੇ-ਨੇੜੇ ਦੇ ਅੰਗ ਵਿਕਸਿਤ ਹੁੰਦੇ ਹਨ ਤੇ ਜਿਵੇਂ-ਜਿਵੇਂ ਸਿਰ ਤੋਂ ਦੂਰ ਪੈਰਾਂ ਵੱਲ ਨੂੰ ਜਾਈਏ ਵਿਕਾਸ ਦੇਰੀ ਨਾਲ ਹੁੰਦਾ ਜਾਂਦਾ ਹੈ। ਇਹ ਵੀ ਇਕ ਕਾਰਨ ਹੈ ਕਿ ਪੈਦਾਇਸ਼ ਵੇਲੇ ਬੱਚੇ ਦਾ ਸਿਰ ਸਾਰੇ ਜਿਸਮ ਦੇ ਚੌਥੇ ਭਾਗ ਜਿੰਨਾ ਹੁੰਦਾ ਹੈ ਅਤੇ ਜਦੋਂ ਮਨੁੱਖ ਕਿਸ਼ੋਰ ਅਵਸਥਾ ਵਿਚ ਪਹੁੰਚਦਾ ਹੈ ਤਾਂ ਸਿਰ ਸਰੀਰ ਦੇ ਅੱਠਵੇਂ ਭਾਗ ਤੋਂ ਵੀ ਘੱਟ ਰਹਿ ਜਾਂਦਾ ਹੈ।

(ਅ) **ਰੀੜ੍ਹ ਤੋਂ ਚੁਗਿਰਦੇ ਵੱਲ ਵਿਕਾਸ** : ਦੂਜਾ ਸਿਧਾਂਤ ਇਹ ਹੈ ਕਿ ਪਹਿਲੋਂ ਰੀੜ੍ਹ ਦੀ ਹੱਡੀ ਵੱਧਣਾ ਸ਼ੁਰੂ ਕਰਦੀ ਹੈ, ਇਹ ਵਾਧਾ ਵੀ ਉਪਰੋ ਸ਼ੁਰੂ ਹੋ ਕੇ ਹੇਠਾਂ ਨੂੰ ਜਾਂਦਾ ਹੈ। ਪਹਿਲੋਂ ਰੀੜ੍ਹ ਦੀ ਹੱਡੀ ਅੰਦਰੋਂ ਵਿਕਸਿਤ ਹੁੰਦੀ ਹੈ ਫਿਰ ਇਸ ਦੇ ਦੁਆਲੇ ਦੇ ਅੰਗ ਵਿਕਸਿਤ ਹੁੰਦੇ ਹਨ। ਅਰਥਾਤ ਸਰੀਰ ਅੰਦਰੋਂ ਬਾਹਰ ਨੂੰ ਵੱਧਦਾ ਹੈ।

ਜੇ ਇਸ ਤੋਂ ਵੱਖਰੀ ਕਿਸਮ ਦਾ ਵਿਕਾਸ ਕਿਸੇ ਬੱਚੇ ਵਿਚ ਵੇਖਣ ਵਿਚ ਆਵੇ ਉਸ ਵਿਕਾਸ ਨੂੰ ਅਸਾਧਾਰਨ ਕਿਸਮ ਦਾ ਵਿਕਾਸ ਕਿਹਾ ਜਾਂਦਾ ਹੈ। ਇਸ ਬਾਬਤ ਮਾਪੇ ਚਿੰਤਤ ਹੁੰਦੇ ਹਨ ਤੇ ਡਾਕਟਰੀ ਸਲਾਹ ਲੈਂਦੇ ਹਨ।

(ii) **ਵਿਕਾਸ ਨਿਰੰਤਰ ਹੋਣ ਵਾਲੀ ਪ੍ਰਕ੍ਰਿਆ ਹੈ (Development is a Continuous Process) :** ਗਰਭ ਧਾਰਨ ਦੇ ਦਿਨ ਤੋਂ ਬਾਅਦ ਪਹਿਲਾਂ ਕੁੱਖ ਦੇ ਅੰਦਰ ਤੇ ਫਿਰ ਕੁੱਖ ਤੋਂ ਬਾਹਰ ਬੱਚੇ ਦਾ ਵਿਕਾਸ ਸਾਰੀ ਉਮਰ ਹੁੰਦਾ ਹੀ ਰਹਿੰਦਾ ਹੈ। ਵਿਕਾਸ ਵਿਚ ਨਿਰੰਤਰਤਾ ਹੁੰਦੀ ਹੈ, ਕੋਈ ਵੀ ਦਿਨ ਅਜਿਹਾ ਨਹੀ ਹੁੰਦਾ ਜਿਸ ਦਿਨ ਵਿਕਾਸ ਦੀ ਪ੍ਰਕ੍ਰਿਆ ਰੁਕ ਜਾਵੇ ਵਿਕਾਸ ਦੀ ਗਤੀ ਕਦੇ ਹੌਲੀ ਤੇ ਕਦੇ ਤੇਜ਼ ਜ਼ਰੂਰ ਹੋ ਜਾਂਦੀ ਹੈ ਅਤੇ ਸਰੀਰ ਦੇ ਭਿੰਨ-ਭਿੰਨ ਅੰਗਾਂ ਦੇ ਵਿਕਾਸ ਦੀਆਂ ਦਰਾਂ ਵਿਚ ਫਰਕ ਆ ਜਾਂਦਾ ਹੈ ਪਰ ਵਿਕਾਸ ਦੀ ਨਿਰੰਤਰਤਾ ਕਾਇਮ ਰਹਿੰਦੀ ਹੈ। ਵਿਕਾਸ ਦੇ ਅਧਿਐਨ ਨੂੰ ਸੌਖਾ ਕਰਨ ਲਈ ਇਸ ਦੇ ਕੁਝ ਕੁ ਪੜਾਅ ਬਣਾਏ ਗਏ ਹਨ ਜਿਵੇਂ ਸ਼ਿਸ਼ੂ ਕਾਲ, ਬਚਪਨ ਕਾਲ, ਕਿਸ਼ੋਰ ਅਵਸਥਾ, ਯੁਵਾ ਅਵਸਥਾ, ਬਿਰਧ ਅਵਸਥਾ ਆਦਿ।

(iii) **ਵਿਕਾਸ ਦੇ ਭਿੰਨ-ਭਿੰਨ ਪੱਖ ਅੰਤਰ-ਸੰਬੰਧਿਤ ਹੁੰਦੇ ਹਨ (Various Aspects of Development are Inter-related) :**

ਵਿਕਾਸ ਦੇ ਭਿੰਨ-ਭਿੰਨ ਪੱਖ ਜਿਵੇਂ ਸਰੀਰਕ ਵਿਕਾਸ ਜਿਵੇਂ ਕਿ ਆਕਾਰ, ਭਾਰ, ਕੱਦ, ਸਮਾਜਿਕ ਮੇਲ-ਜੋਲ, ਸਮਾਜੀਕਰਨ, ਬੁੱਧੀ, ਸਨਾਯੂ ਵਿਕਾਸ ਅਤੇ ਹੱਡੀਆਂ ਦਾ ਵਿਕਾਸ ਆਦਿ ਇਕ ਦੂਜੇ ਨਾਲ ਸੰਬੰਧਿਤ ਹੁੰਦੇ ਹਨ। ਉਦਾਹਰਨ ਵਜੋਂ ਸਰੀਰਕ ਵਾਧੇ ਦੇ ਨਾਲ ਨਾਲ ਮਾਨਸਿਕ ਵਿਕਾਸ ਅਤੇ ਭਾਵਾਤਮਕ ਵਿਕਾਸ ਵੀ ਹੁੰਦਾ ਰਹਿੰਦਾ ਹੈ। ਇਨ੍ਹਾਂ ਵਿਕਾਸਾਂ ਵਿਚ ਨਿਸ਼ਚਿਤ ਅਨੁਪਾਤ ਹੁੰਦਾ ਹੈ, ਕੱਦ ਜਾਂ ਭਾਰ ਵੱਧਦਾ ਹੈ ਤਾਂ ਬੁੱਧੀ ਵੀ ਵੱਧਦੀ ਹੈ, ਬੱਚੇ ਦਾ ਸਮਾਜਿਕ ਮੇਲ-ਜੋਲ ਵੀ ਵੱਧਦਾ ਹੈ ਤੇ ਤਰਕ ਸ਼ਕਤੀ ਵੀ ਵੱਧਦੀ ਹੈ। ਵਿਕਾਸ ਦੇ ਭਿੰਨ-ਭਿੰਨ ਪੱਖ ਇਕ-ਦੂਜੇ ਨਾਲ ਸੰਬੰਧਿਤ ਹਨ।

(iv) **ਵਿਕਾਸ ਸਾਧਾਰਨ ਤੋਂ ਵਿਸ਼ੇਸ਼ ਵੱਲ ਨੂੰ ਹੁੰਦਾ ਹੈ (Development Proceeds from General to Specific):**

ਸਰੀਰ ਦੇ ਸਮੁੱਚੇ ਵਿਕਾਸ ਨੂੰ ਸਾਧਾਰਨ ਵਿਕਾਸ ਕਿਹਾ ਜਾਂਦਾ ਹੈ ਤੇ ਹੱਥਾਂ, ਪੈਰਾਂ ਜਾਂ ਸਰੀਰ ਦੇ ਉਚੇਚੇ ਅੰਗਾਂ ਦੇ ਵਿਕਾਸ ਨੂੰ ਵਿਸ਼ੇਸ਼ ਵਿਕਾਸ ਦਾ ਨਾਂ ਦਿੱਤਾ ਜਾਂਦਾ ਹੈ। ਪਹਿਲਾਂ ਸਮੁੱਚੇ ਸਰੀਰ ਦਾ ਸਾਮਨਿ ਵਿਕਾਸ ਹੁੰਦਾ ਹੈ, ਉਸੇ ਦੇ ਅਨੁਸਾਰ ਹੀ ਉਚੇਚੇ ਅੰਗਾਂ – ਹੱਥਾਂ, ਪੈਰਾਂ ਦਾ ਵਿਕਾਸ ਹੁੰਦਾ ਹੈ। ਹੱਥਾਂ, ਬਾਹਵਾਂ ਜਾਂ ਲੱਤਾਂ ਵਿਚ ਵਾਧਾ ਹੋਣ ਤੋਂ ਪਹਿਲਾਂ ਕਿਸੇ ਹੱਦ ਤਕ ਸਮੁੱਚੇ ਸਰੀਰ ਦਾ ਵਿਕਾਸ ਹੋਣਾ ਜ਼ਰੂਰੀ ਹੈ। ਉਦਾਹਰਨ ਵਜੋਂ ਪਹਿਲੋਂ ਸਮੁੱਚੇ

ਹੱਥ ਦਾ ਵਿਕਾਸ ਹੁੰਦਾ ਹੈ। ਫਿਰ ਉਂਗਲਾਂ ਦਾ।

**(v) ਵਿਕਾਸ ਨੂੰ ਵਿਰਸਾ ਅਤੇ ਵਾਤਾਵਰਨ ਦੋਵੇਂ ਹੀ ਪ੍ਰਭਾਵਿਤ ਕਰਦੇ ਹਨ (Development is Influenced both by Heredity and Environment) :**

ਬੱਚੇ ਦੇ ਵਿਕਾਸ ਦੀ ਦਿਸ਼ਾ, ਦਰ ਅਤੇ ਸੀਮਾ ਨੂੰ ਵਿਰਸਾ ਅਤੇ ਵਾਤਾਵਰਨ ਦੋਵੇਂ ਰਲ ਕੇ ਨਿਰਧਾਰਿਤ ਕਰਦੇ ਹਨ। ਮਾਪਿਆਂ ਦੇ ਕੱਦ ਕਾਠ, ਸਿਹਤ, ਰੰਗ-ਰੂਪ, ਸਰੀਰਕ ਅਤੇ ਮਾਨਸਿਕ ਬਣਤਰ, ਉਨ੍ਹਾਂ ਦੇ ਸੁਭਾਅ ਅਤੇ ਘਰ ਵਿਚ ਮਿਲਦੀ ਖੁਰਾਕ, ਸਿਹਤ-ਸਫ਼ਾਈ, ਸਨੇਹ-ਪਿਆਰ, ਦੇਖਭਾਲ, ਸਕੂਲ, ਸਮੁਦਾਇ ਅਤੇ ਚੁਗਿਰਦੇ ਦਾ ਵਾਤਾਵਰਨ ਵੀ ਵਿਕਾਸ ਨੂੰ ਪ੍ਰਭਾਵਿਤ ਕਰਦੇ ਹਨ। ਅਜੇ ਤਕ ਇਹ ਫੈਸਲਾ ਨਹੀ ਹੋ ਸਕਿਆ ਕਿ ਵਿਕਾਸ ਦੀ ਸੀਮਾ ਕੇਵਲ ਵਿਰਸਾ ਨਿਰਧਾਰਤ ਕਰਦਾ ਹੈ ਜਾਂ ਇਸ ਉੱਤੇ ਵੱਧ ਪ੍ਰਭਾਵ ਵਾਤਾਵਰਨ ਦਾ ਹੁੰਦਾ ਹੈ।

**(vi) ਵਿਕਾਸ ਵਿਚ ਵਿਅਕਤੀਗਤ ਭਿੰਨਤਾਵਾਂ ਹੁੰਦੀਆਂ ਹਨ (Individual differences in Development):**

ਬੱਚਿਆਂ ਦਾ ਵਿਰਸਾ ਭਿੰਨ ਹੁੰਦਾ ਹੈ, ਵਾਤਾਵਰਨ ਵੀ ਭਿੰਨ ਹੁੰਦਾ ਹੈ। ਇਸ ਲਈ ਵੱਖ-ਵੱਖ ਬੱਚਿਆਂ ਦੇ ਵਿਕਾਸ ਵਿਚ ਭਿੰਨਤਾਵਾਂ ਹੁੰਦੀਆਂ ਹਨ। ਵੱਖ-ਵੱਖ ਬੱਚਿਆਂ ਦੇ ਵਿਕਾਸ ਵਿਚ ਨਾ ਇਕੋ ਜਿੰਨੀ ਗਤੀ ਹੁੰਦੀ ਹੈ, ਨਾ ਇਕੋ ਜਿੰਨੀ ਮਾਤਰਾ ਤੇ ਨਾ ਹੀ ਇਕੋ ਜਿਹੀ ਗੁਣਵੱਤਾ ਹੁੰਦੀ ਹੈ। ਕੁਝ ਬੱਚੇ ਪਹਿਲੋਂ ਬੋਲਣਾ ਸਿੱਖ ਜਾਂਦੇ ਹਨ, ਕੁਝ ਬਹੁਤ ਦੇਰ ਮਗਰੋਂ, ਕੁਝ ਜਲਦੀ ਟੁਰਨਾ ਸਿੱਖ ਲੈਂਦੇ ਹਨ, ਤੇ ਕਈ ਸਾਲ ਡੇਢ ਸਾਲ ਤਕ ਰਿੜ੍ਹਦੇ ਹੀ ਰਹਿੰਦੇ ਹਨ।

**(vii) ਸਰੀਰ ਦੇ ਭਿੰਨ-ਭਿੰਨ ਅੰਗਾਂ ਦੇ ਵਿਕਾਸ ਦੀ ਗਤੀ ਅਤੇ ਗੁਣਵੱਤਾ ਭਿੰਨ ਹੁੰਦੀ ਹੈ (Different Parts of body Develop at different Rates and Quality) :**

ਵਿਅਕਤੀ ਦੇ ਸਰੀਰ ਦੇ ਸਾਰੇ ਅੰਗ ਇਕੋ ਹੀ ਗਤੀ ਨਾਲ ਨਹੀ ਵਧਦੇ। ਉਸਦਾ ਦਿਮਾਗ ਸਰੀਰ ਦੇ ਹੋਰਨਾਂ ਅੰਗਾਂ ਦੇ ਮੁਕਾਬਲੇ ਵਿਚ ਬਹੁਤ ਤੇਜ਼ੀ ਨਾਲ ਵਿਕਸਿਤ ਹੁੰਦਾ ਹੈ। ਪੰਜ ਛੇਹ ਸਾਲ ਦੀ ਉਮਰ ਤੱਕ 80% ਦਿਮਾਗ ਵਿਕਸਿਤ ਹੋ ਜਾਂਦਾ ਹੈ ਬਾਕੀ ਦਾ ਸਰੀਰ 18-19 ਸਾਲ ਤੱਕ ਤੇਜ਼ੀ ਨਾਲ ਵਿਕਸਿਤ ਹੁੰਦਾ ਰਹਿੰਦਾ ਹੈ, ਮਗਰੋਂ ਗਤੀ ਘੱਟ ਜਾਂਦੀ ਹੈ। ਜਨਣ ਅੰਗ ਬਚਪਨ ਵਿਚ ਹੌਲੀ-ਹੌਲੀ ਵਧਦੇ ਹਨ ਪਰ ਕਿਸ਼ੋਰ ਅਵਸਥਾ ਵਿਚ ਇਨ੍ਹਾਂ ਦਾ ਵਿਕਾਸ ਤੇਜ਼ੀ ਨਾਲ ਹੁੰਦਾ ਹੈ। ਸਿਰਜਣਾਤਮਕਤਾ ਬਚਪਨ ਵਿਚ ਹੀ ਵੱਧਣਾ ਸ਼ੁਰੂ ਕਰ ਦਿੰਦੀ ਹੈ, ਇਹੋ ਹੀ ਸਥਿਤੀ ਬੁੱਧੀ ਦੀ ਹੈ। ਲਗਭਗ 20 ਸਾਲ ਤਕ ਦੀ ਉਮਰ ਪਹੁੰਚਦਿਆਂ-ਪਹੁੰਚਦਿਆਂ ਬੁੱਧੀ ਦਾ ਤਕਰੀਬਨ ਸੰਪੂਰਨ ਵਿਕਾਸ ਹੋ ਚੁੱਕਾ ਹੁੰਦਾ ਹੈ।

**(viii) ਵਿਕਾਸ ਸੰਚਿਤ ਰੂਪ ਵਿਚ ਹੁੰਦਾ ਹੈ (Development is Cumulative) :**

ਸੰਪੂਰਨ ਜਾਂ ਪਰਿਪੂਰਨ ਵਿਕਾਸ ਸਹਿਜੇ-ਸਹਿਜੇ ਹੋ ਰਹੇ ਵਿਕਾਸ ਦਾ ਸਿੱਟਾ ਹੁੰਦਾ ਹੈ। ਮੌਜੂਦਾ ਵਿਕਾਸ ਅਤੇ ਪਿਛਲੇ ਦਿਨਾਂ ਵਿਚ ਹੋ ਚੁੱਕਾ ਵਿਕਾਸ ਆਉਣ ਵਾਲੇ ਵਿਕਾਸ ਨੂੰ ਪ੍ਰਭਾਵਿਤ ਕਰਦੇ ਹਨ। ਵਿਕਾਸ ਵਿਚ ਹੋਈਆਂ ਜਿਹੜੀਆਂ ਤਬਦੀਲੀਆਂ ਤਤਕਾਲ ਹੋਂਦ ਵਿਚ ਆਈਆਂ ਨਜ਼ਰ ਆਉਂਦੀਆਂ ਹਨ ਵਾਸਤਵ ਵਿਚ ਅਚਾਨਕ ਨਹੀ ਹੋ ਜਾਂਦੀਆਂ, ਉਹ ਸ਼ੁਰੂ ਤੋਂ ਹੀ ਹੌਲੀ-ਹੌਲੀ ਹੋ ਰਹੀਆਂ ਹੁੰਦੀਆਂ ਹਨ। ਅੱਜ ਹੋਇਆ ਵਿਕਾਸ ਕੱਲ੍ਹ ਤਕ ਦੇ ਹੋਏ ਸਮੁੱਚੇ ਵਿਕਾਸ ਦਾ ਸਿੱਟਾ ਹੈ ਅਤੇ ਅੱਜ ਤਕ ਦਾ ਹੋ ਚੁੱਕਾ ਵਿਕਾਸ ਭਵਿੱਖ ਦੇ ਵਿਕਾਸ ਨੂੰ ਜਨਮ ਦਿੰਦਾ ਹੈ। ਕਿਸੇ ਵੀ ਪੜਾਅ ਤੇ ਨਜ਼ਰ ਆ ਰਿਹਾ ਵਿਕਾਸ ਪਹਿਲਾਂ ਤੋਂ ਹਰ ਰੋਜ਼ ਹੋ ਰਹੇ ਵਿਕਾਸ ਦਾ ਸੰਚਿਤ ਸਿੱਟਾ ਹੁੰਦਾ ਹੈ।

**(ix) ਵਿਕਾਸ ਪਿੱਛਗਾਮੀ ਹੁੰਦਾ ਹੈ (Development is Regressive) :**

ਵਿਕਾਸ ਵਿਚ ਬੜੀ ਵਚਿੱਤਰ ਗੱਲ ਇਸ ਦਾ ਪਿੱਛਗਾਮੀ ਹੋਣਾ ਹੈ। ਆਮ ਕਰਕੇ ਵਿਕਾਸ ਅੱਗੇ ਨੂੰ ਹੀ ਵਧਦਾ ਹੈ ਪਰ ਕਈ ਵਾਰ 18-19 ਸਾਲ ਦਾ ਬਾਲਗ ਬੱਚਿਆਂ ਵਰਗੀਆਂ ਗੱਲਾਂ ਕਰਨੀਆਂ ਜਾਂ ਬੱਚਿਆਂ ਵਾਲੀਆਂ ਖੇਡਾਂ ਖੇਡਣੀਆਂ ਸ਼ੁਰੂ ਕਰ ਦਿੰਦਾ ਹੈ। 5-6 ਸਾਲ ਦਾ ਬੱਚਾ ਮੁੜ ਮਾਂ ਦਾ ਦੁੱਧ ਚੁੰਘਣ ਦੀ ਜ਼ਿੱਦ ਕਰਦਾ ਹੈ, ਅਜਿਹੀਆਂ ਕ੍ਰਿਆਵਾਂ ਨਵੀਆਂ ਕ੍ਰਿਆਵਾਂ ਵਿਚ ਨਿਪੁੰਨਤਾ ਦੀ ਘਾਟ ਦੇ ਕਾਰਨ ਹੁੰਦੀਆਂ ਹਨ। ਇਸ ਪ੍ਰਕਾਰ ਦੀ ਨਿਪੁੰਨਤਾ ਦੇ ਕਾਰਨ ਵਿਅਕਤੀ ਅਸੁਰਖਿੱਅਤ ਮਹਿਸੂਸ ਕਰਦਾ ਹੈ ਤੇ ਪਹਿਲੋਂ ਕਰ ਚੁੱਕੀਆਂ ਕ੍ਰਿਆਵਾਂ ਦਾ ਸਹਾਰਾ ਭਾਲਦਾ ਹੈ। ਮਨੋਵਿਸ਼ਲੇਸ਼ਨ ਦੀ ਸ਼ਬਦਾਵਲੀ ਵਿਚ ਇਸ ਅਮਲ ਨੂੰ ਪ੍ਰਤਿਗਮਨ ਜਾਂ ਪਿੱਛਗਾਮੀ ਪ੍ਰਕ੍ਰਿਆ (regressive process) ਕਿਹਾ ਜਾਂਦਾ ਹੈ। ਇਹ ਵਤੀਰਾ ਅਸੁਭਾਵਕ ਹੁੰਦਾ ਹੈ। ਇਸ ਦੇ ਕਾਰਨ ਲੱਭ ਕੇ ਇਸ ਨੂੰ ਦੂਰ ਕਰਨਾ ਚਾਹੀਦਾ ਹੈ।

**(x) ਵਿਕਾਸ ਬਾਰੇ ਭਵਿੱਖਬਾਣੀ ਕੀਤੀ ਜਾ ਸਕਦੀ ਹੈ (Development can be Predicted) :**

ਬੱਚੇ ਦੇ ਪਿਛਲੇ ਸਾਲਾਂ ਵਿਚ ਹੋਏ ਵਿਕਾਸ ਦੀ ਗਤੀ, ਮਿਕਦਾਰ ਅਤੇ ਗੁਣਵੱਤਾ ਨੂੰ ਵੇਖਦੇ ਹੋਏ ਉਸ ਦੇ ਭਲਕੇ ਨੂੰ ਹੋਣ ਵਾਲੇ

ਵਿਕਾਸ ਬਾਰੇ ਭਵਿੱਖਬਾਣੀ ਕੀਤੀ ਜਾ ਸਕਦੀ ਹੈ। ਇਹ ਭਵਿੱਖਬਾਣੀ ਜਾਂ ਅਨੁਮਾਨ ਲਗਭਗ ਸਹੀ ਹੁੰਦਾ ਹੈ, ਜੇ ਕਰ ਬੱਚੇ ਦੇ ਵਾਤਾਵਰਨ ਵਿਚ ਕੋਈ ਖਾਸ ਤਬਦੀਲੀ ਨਾ ਹੋ ਜਾਵੇ। ਇਸ ਅਸੂਲ ਤੇ ਚਲਦਿਆਂ ਹੋਇਆ ਹੀ ਬੱਚਿਆਂ ਦਾ ਮਾਰਗਦਰਸ਼ਨ ਕੀਤਾ ਜਾਂਦਾ ਹੈ।

**1.2.5 ਵਿਕਾਸ ਦੇ ਪੜਾਅ (Stages of development) :**

ਸਿੱਖਿਆਰਥੀ ਦਾ ਵਿਕਾਸ ਉਸਦੀਆਂ ਅੰਦਰੂਨੀ ਅਤੇ ਬਾਹਰਲੀਆਂ ਸ਼ਕਤੀਆਂ ਤੇ ਨਿਰਭਰ ਕਰਦਾ ਹੈ। ਸਿਖਾਂਦਰੂ ਦਾ ਵਿਕਾਸ ਉਸਦੀਆਂ ਵੱਖ-ਵੱਖ ਉਮਰ ਵਿਚ ਆਉਣ ਵਾਲੀਆਂ ਤਬਦੀਲੀਆਂ ਨਾਲ ਸੰਬੰਧਿਤ ਹੁੰਦਾ ਹੈ। ਸਿਖਾਂਦਰੂ ਦੇ ਵਿਕਾਸ ਦੇ ਵੱਖ-ਵੱਖ ਪੱਧਰ ਹੇਠ ਲਿਖੇ ਅਨੁਸਾਰ ਹਨ :—

(ੳ) ਸ਼ਿਸ਼ੂਕਾਲ (Infancy)................... .........................................2 ਸਾਲ ਤੱਕ
(ਅ) ਮੁੱਢਲੀ ਬਾਲ ਅਵਸਥਾ (Early Childhood) .............................. 2 ਸਾਲ ਤੋਂ 6 ਸਾਲ ਤੱਕ
(ੲ) ਬਾਲ ਅਵਸਥਾ (Childhood) ................................................ 6 ਸਾਲ ਤੋਂ 12 ਸਾਲ ਤੱਕ
(ਸ) ਕਿਸ਼ੋਰ ਅਵਸਥਾ (Adolescence) ........................................ 12 ਸਾਲ ਤੋਂ 18/19 ਸਾਲ ਤੱਕ
(ਹ) ਬਾਲਗ ਅਵਸਥਾ (Adulthood) .......................................... 18/19 ਸਾਲ ਤੋਂ ਅੱਗੇ

ਸਿੱਖਿਆਰਥੀ ਦਾ ਇਨ੍ਹਾਂ ਚਾਰ ਪੱਧਰਾਂ ਤੇ ਵੱਖ-ਵੱਖ ਸਰੀਰਕ, ਮਾਨਸਿਕ, ਸਮਾਜਿਕ ਅਤੇ ਭਾਵਨਾਤਮਕ ਵਿਕਾਸ ਭਿੰਨ-ਭਿੰਨ ਪ੍ਰਕਾਰ ਦਾ ਹੁੰਦਾ ਹੈ।

**1.2.5.1 ਮੁੱਢਲੀ ਬਾਲ ਅਵਸਥਾ (Early Childhood)**

ਇਸ ਕਾਲ ਨੂੰ ਮੁੱਢਲਾ ਬਾਲਪਣ ਜਾਂ ਪੂਰਵ ਸਕੂਲ ਅਵਸਥਾ (Pre-school period) ਵੀ ਕਿਹਾ ਜਾਂਦਾ ਹੈ। ਤਿੰਨ ਤੋਂ ਪੰਜ ਜਾਂ ਛੇ ਸਾਲ ਦੇ ਸਾਰੇ ਬੱਚੇ ਇਸ ਅਵਸਥਾ ਵਿਚ ਆ ਜਾਂਦੇ ਹਨ। ਗੈਸੈੱਲ (Gessell) ਨੇ ਹੀ ਇਸ ਅਵਸਥਾ ਲਈ ਪੂਰਵ-ਸਕੂਲ ਸ਼ਬਦ ਦੀ ਵਰਤੋਂ ਕੀਤੀ ਸੀ। ਇਸ ਪੜਾਅ ਵਿਚ ਕਾਫ਼ੀ ਵਿਕਾਸ ਹੁੰਦਾ ਹੈ। ਭਾਵੇਂ ਇਸ ਦੀ ਦਰ ਸ਼ਿਸ਼ੂ ਕਾਲ ਜਿੰਨੀ ਤੀਬਰ ਨਹੀਂ ਹੁੰਦੀ। ਇਸ ਕਾਲ ਵਿਚ ਹੋਣ ਵਾਲੇ ਸਰੀਰਕ, ਮਾਨਸਿਕ, ਭਾਵਾਤਮਕ ਤੇ ਸਮਾਜਿਕ ਵਿਕਾਸ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ।

**1.2.5.1.1 ਮੁਢਲੀ ਬਾਲ ਅਵਸਥਾ ਵਿਚ ਸਰੀਰਕ ਵਿਕਾਸ (Physical Development) :**

ਦੋ ਸਾਲ ਤੋਂ ਛੇ ਸਾਲ ਦੀ ਉਮਰ ਵਿਚ ਵ੍ਰਿਧੀ ਦੀ ਰਫ਼ਤਾਰ ਕੁਝ ਘਟ ਜਾਂਦੀ ਹੈ; ਕਿਉਂਕਿ ਉਸ ਦੇ ਭਾਰ ਵਿਚ ਲੱਗਭੱਗ 15 ਪੌਂਡ ਦਾ ਅਤੇ ਕੱਦ ਵਿਚ 7-8 ਇੰਚ ਤੱਕ ਦਾ ਹੀ ਵਾਧਾ ਹੁੰਦਾ ਹੈ। ਛੇ ਸਾਲ ਦੀ ਆਯੂ ਵਿਚ ਜਨਮ ਸਮੇਂ ਨਾਲੋਂ ਉਸ ਦਾ ਭਾਰ 5-6 ਗੁਣਾ ਹੋ ਚੁੱਕਾ ਹੁੰਦਾ ਹੈ ਅਤੇ ਉਸ ਦਾ ਕੱਦ ਦੁੱਗਣੇ ਤੋਂ ਵੀ ਜ਼ਿਆਦਾ ਹੋ ਜਾਂਦਾ ਹੈ। ਉਸ ਦੀਆਂ ਲੱਤਾਂ ਦੀ ਲੰਬਾਈ ਬਾਕੀ ਜਿਸਮ ਨਾਲੋਂ ਤੇਜ਼ੀ ਨਾਲ ਵੱਧਦੀ ਹੈ। ਸਰੀਰਕ ਅਨੁਪਾਤਾਂ ਬਦਲ ਰਹੀਆਂ ਹੁੰਦੀਆਂ ਹਨ। ਬਾਹਵਾਂ ਤੇ ਲੱਤਾਂ ਵਧਦੀਆਂ ਹਨ ਅਤੇ ਧੜ ਤੇਜ਼ੀ ਨਾਲ ਪ੍ਰਫੁਲਿਤ ਹੋ ਰਿਹਾ ਹੁੰਦਾ ਹੈ। ਛੇ ਸਾਲ ਦੀ ਉਮਰ ਵਿਚ ਬੱਚੇ ਦਾ ਔਸਤਨ ਭਾਗ 43 ਪੌਂਡ ਅਤੇ ਕੱਦ 42 ਇੰਚ ਹੁੰਦਾ ਹੈ।

ਇਸ ਅਵਸਥਾ ਵਿਚ ਬੱਚੇ ਦੀਆਂ ਗਿਆਨ ਇੰਦਰੀਆਂ ਦੀ ਨਿਰਣੈ ਯੋਗਤਾ ਵਧ ਜਾਂਦੀ ਹੈ। ਉਸ ਦੀ ਸੁਣਨ, ਸੁੰਘਣ, ਛੂਹਣ, ਸੁਆਦ, ਰੋਸ਼ਨੀ ਦੀਆਂ ਸੰਵੇਦਨਾਵਾਂ ਨੂੰ ਇਕਸੁਰ ਕਰਨ ਦੀ ਯੋਗਤਾ ਵੱਧ ਜਾਂਦੀ ਹੈ। ਇਸ ਉਮਰ ਵਿਚ ਕੋਈ ਲਿੰਗ-ਭੇਦ ਨਹੀਂ ਹੁੰਦਾ; ਭਾਵੇਂ ਬੁੱਧੀ ਵਿਚ ਵਿਅਕਤੀਗਤ ਭਿੰਨਤਾ ਹੁੰਦੀ ਹੈ।

**1.2.5.1.2 ਮੁਢਲੀ ਬਾਲ ਅਵਸਥਾ ਵਿਚ ਮਾਨਸਿਕ ਵਿਕਾਸ (Mental Development in Early Childhood) :**

ਇਸ ਅਵਸਥਾ ਵਿਚ ਬੱਚੇ ਦਾ ਆਪਣੇ ਆਲੇ ਦੁਆਲੇ ਅਤੇ ਵਾਤਾਵਰਨ ਸਬੰਧੀ ਕਾਫ਼ੀ ਅਨੁਭਵ ਹੋ ਚੁੱਕਾ ਹੁੰਦਾ ਹੈ। ਉਹ ਪੜ੍ਹਨਾ-ਲਿਖਣਾ ਆਪਣੀਆਂ ਖੇਡ-ਕ੍ਰਿਆਵਾਂ ਰਾਹੀਂ ਸਿੱਖਦਾ ਹੈ। ਪਹਿਲੇ ਪੰਜ-ਛੇ ਸਾਲਾਂ ਵਿਚ ਬੋਲੀ ਦਾ ਕਾਫ਼ੀ ਵਿਕਾਸ ਹੁੰਦਾ ਹੈ। ਤਿੰਨ ਸਾਲ ਦੀ ਉਮਰ ਤੱਕ ਉਹ ਪੂਰਾ ਵਾਕ ਬੋਲਦਾ ਹੈ। ਉਸ ਦੀ ਬੋਲ-ਸ਼ਬਦਾਵਲੀ ਤਕਰੀਬਨ 900 ਸ਼ਬਦਾਂ ਦੀ ਹੋ ਜਾਂਦੀ ਹੈ। 5-6 ਸਾਲ ਤੱਕ ਉਹ ਲੱਗਭੱਗ 2500 ਸ਼ਬਦ ਜਾਣ ਚੁੱਕਾ ਹੁੰਦਾ ਹੈ।

ਬੱਚੇ ਦੀ ਭਾਸ਼ਾ ਦੇ ਪੱਖੋਂ ਬੱਚੇ ਦੀ ਇਹ ਉਮਰ ਬੜੀ ਨਾਜ਼ੁਕ ਸਮਝੀ ਜਾਂਦੀ ਹੈ। ਬੱਚਾ ਮਾਨਸਿਕ ਤੌਰ ਤੇ ਵਿਕਸਿਤ ਹੁੰਦਾ ਹੈ ਅਤੇ ਉਹ ਸ਼ਬਦਾਂ ਦੇ ਅਰਥ ਜਾਣਦਾ ਹੈ। ਬੱਚਾ ਛੋਟੇ ਛੋਟੇ ਵਾਕਾਂ ਨੂੰ ਭਲੀ ਪ੍ਰਕਾਰ ਉਪਯੋਗ ਕਰ ਸਕਦਾ ਹੈ। ਪੰਜ

ਸਾਲ ਦੀ ਉਮਰ ਤਕ ਬੱਚਾ ਕਾਫ਼ੀ ਸਫਲਤਾ ਪੂਰਵਕ ਵਾਕ ਬਣਾਉਣ ਲੱਗ ਪੈਂਦਾ ਹੈ।

ਇਸ ਉਮਰ ਵਿਚ ਬੋਲ-ਦੋਸ਼ (speech-defect) ਵੀ ਵਿਕਸਿਤ ਹੋ ਸਕਦੇ ਹਨ। ਇਹ ਦੋਸ਼ ਸ਼ਬਦਾਂ ਦੇ ਗਲਤ ਉਚਾਰਨ, ਥਥਲਾਉਣ ਜਾਂ ਕਿਸੇ ਆਵਾਜ਼ ਨੂੰ ਬਾਰ ਬਾਰ ਦੁਹਰਾਉਣ ਕਰਕੇ ਵਿਕਸਿਤ ਹੋ ਜਾਂਦਾ ਹੈ।

ਤਿੰਨ ਸਾਲ ਦੀ ਉਮਰ ਵਿਚ ਜਿਗਿਆਸਾ ਰੁਚੀ ਵਧਦੀ ਹੈ। ਇਸੇ ਉਮਰ ਵਿਚ ਹੀ ਉਹ ਆਮ ਵਰਤੋਂ ਵਿਚ ਆਉਣ ਵਾਲੀਆਂ ਚੀਜ਼ਾਂ ਦੇ ਨਾਮ ਜਾਣ ਲੈਂਦਾ ਹੈ। ਪੰਜ ਸਾਲ ਦੀ ਉਮਰ ਤਕ ਵਿਚਾਰ ਸ਼ਕਤੀ ਦਾ ਵਿਕਾਸ ਬੜਾ ਘੱਟ ਹੁੰਦਾ ਹੈ। ਬੱਚਾ ਹਰ ਘਟਨਾ ਦਾ ਕਾਰਣ ਲੱਭਣ ਦਾ ਯਤਨ ਤਾਂ ਕਰਦਾ ਹੈ; ਪਰ ਉਹ ਕਾਰਣ ਤੇ ਕਾਰਜ ਦਾ ਸਬੰਧ ਨਹੀਂ ਜੋੜ ਸਕਦਾ। ਉਹ ਪ੍ਰਤੱਖ ਅਨੁਭਵ ਤੇ ਨਿੱਜੀ ਤਜਰਬੇ ਤੋਂ ਕਾਫ਼ੀ ਕੁੱਝ ਸਿੱਖਦਾ ਹੈ। ਜੀਨ ਪੀਆਜੇ (Jean Piaget) ਚਾਰ ਤੋਂ ਛੇ ਸਾਲ ਦੇ ਸਮੇਂ ਨੂੰ ਅੰਤਰ ਗਿਆਨ ਜਾਂ ਦਿਭ-ਦ੍ਰਿਸ਼ਟੀ ਦੀ ਸਿਖਲਾਈ (Intuitive training) ਦਾ ਸਮਾਂ ਗਿਣਦਾ ਹੈ।

**1.2.5.1.3 ਮੁਢਲੀ ਬਾਲ ਅਵਸਥਾ ਵਿਚ ਭਾਵਨਾਤਮਕ ਵਿਕਾਸ (Emotional Development in Early Childhood) :**

ਇਸ ਅਵਸਥਾ ਵਿਚ ਬੱਚੇ ਦਾ ਭਾਵਨਾਤਮਕ ਵਿਵਹਾਰ ਕਾਫ਼ੀ ਬਦਲ ਜਾਂਦਾ ਹੈ। ਉਸ ਵਿਚ ਮਾਪਿਆਂ ਅਤੇ ਪਰਿਵਾਰ ਦੇ ਦੂਜੇ ਮੈਂਬਰਾਂ ਲਈ ਪਿਆਰ ਉਪਜਦਾ ਹੈ। ਉਹ ਆਪਣੇ ਹਮ ਉਮਰ ਦੇ ਸਾਥੀਆਂ ਵਲ ਖਿੱਚੇ ਜਾਂਦੇ ਹਨ। ਉਨ੍ਹਾਂ ਵਿਚ ਕਈ ਤਰ੍ਹਾਂ ਦੀਆਂ ਆਸਾਂ, ਮਾਯੂਸੀਆਂ, ਚਿੰਤਾਵਾਂ ਪੈਦਾ ਹੋ ਜਾਂਦੀਆਂ ਹਨ। ਉਨ੍ਹਾਂ ਵਿਚ ਈਰਖਾ, ਨਫ਼ਰਤ, ਡਰ ਤੇ ਸ਼ਰਮਾਕਲਪਣ ਵੀ ਉਤਪੰਨ ਹੁੰਦਾ ਹੈ। ਇਸ ਅਵਸਥਾ ਵਿਚ ਉਨ੍ਹਾਂ ਦਾ ਵਤੀਰਾ ਕੁਝ ਹਦ ਤਕ ਆਪਣੇ ਮਾਪਿਆਂ ਤੇ ਨਿਰਭਰਤਾ ਵਾਲਾ ਹੀ ਹੁੰਦਾ ਹੈ। ਉਹ ਆਪਣੀਆਂ ਮੂਲ-ਪ੍ਰਵ੍ਰਿਤੀਆਂ ਅਤੇ ਅੰਤਰੀਵੀ ਰੁਚੀਆਂ ਨੂੰ ਸੰਤੁਸ਼ਟ ਕਰਨ ਲਈ ਮਾਪਿਆਂ ਤੋਂ ਹੀ ਅਗਵਾਈ ਪ੍ਰਾਪਤ ਕਰਦੇ ਹਨ। ਉਸ ਵਿਚ ਖੁਸ਼ੀ ਤੇ ਗ਼ਮੀ ਦੇ ਭਾਵਾਂ ਦੀ ਲੋੜ ਹੁੰਦੀ ਹੈ, ਜਿਹੜੀ ਬਦਲਦੀ ਰਹਿੰਦੀ ਹੈ। ਉਸ ਦਾ ਨੈਤਿਕ ਵਿਵਹਾਰ ਆਪਣੇ ਸੰਵੇਗਾਂ ਰਾਹੀਂ ਹੀ ਪ੍ਰਫੁਲਤ ਹੁੰਦਾ ਹੈ। ਖੁਸ਼ੀ ਤੇ ਗ਼ਮੀ ਆਪਸ ਵਿਚ ਬਦਲ ਕੇ ਆਉਂਦੀਆਂ ਹਨ।

ਇਸ ਅਵਸਥਾ ਵਿਚ ਹੀ ਉਨ੍ਹਾਂ ਦੇ ਸੰਵੇਗ ਮਨੋਭਾਵਾਂ ਵਿਚ ਬਦਲ ਜਾਂਦੇ ਹਨ। ਉਨ੍ਹਾਂ ਦਾ ਸਭ ਤੋਂ ਜ਼ਰੂਰੀ ਮਨੋਭਾਵ ਆਪਣੇ ਸਵੈ (self) ਨੂੰ ਪਿਆਰ ਕਰਨਾ ਹੁੰਦਾ ਹੈ। ਇਸ ਲਈ ਇਸ ਅਵਸਥਾ ਨੂੰ ਕਈ ਵਾਰ ਸਵੈ-ਪੂਜਾ ਦਾ ਸਮਾਂ ਵੀ ਕਿਹਾ ਜਾਂਦਾ ਹੈ। ਇਹ ਅਜਿਹੀ ਅਵਸਥਾ ਹੁੰਦੀ ਹੇ ਜਿਸ ਵਿਚ ਇਕ ਬੱਚਾ ਆਪਣੇ ਆਪ ਨੂੰ ਸੰਪੂਰਣ ਸਮਝ ਕੇ ਆਪਣੇ ਆਪ ਵਿਚ ਮਸਤ ਰਹਿੰਦਾ ਹੈ। ਕਿਉਂਕਿ ਬੱਚਾ ਮਾਪਿਆਂ ਤੋਂ ਆਪਣੇ ਲਈ ਧਿਆਨ ਮੰਗਦਾ ਹੈ; ਇਸ ਲਈ ਉਹ ਆਪਣੇ ਮਾਪਿਆਂ ਲਈ ਕਈ ਮਨੋਭਾਵ ਪੈਦਾ ਕਰਦਾ ਹੈ। ਉਸ ਵਿਚ ਆਪਣੇ ਮਾਂ ਪਿਉ ਲਈ ਪਿਆਰ ਤੇ ਨਫ਼ਰਤ ਦੇ ਮਨੋਭਾਵ ਪੈਦਾ ਹੁੰਦੇ ਹਨ।

ਇਸ ਅਵਸਥਾ ਵਿਚ ਬੱਚੇ ਦੀ ਭਾਵਾਤਮਕ ਸੁਰੱਖਿਆ ਨੂੰ ਸਭ ਤੋਂ ਵੱਧ ਸੱਟ ਉਦੋਂ ਲੱਗਦੀ ਹੈ ਜਦੋਂ ਘਰ ਵਿਚ ਨਵੇਂ ਬੱਚੇ ਦਾ ਜਨਮ ਹੁੰਦਾ ਹੈ। ਨਵੇਂ ਬਾਲ ਦੇ ਜਨਮ ਨਾਲ ਮਾਪਿਆਂ ਦਾ ਧਿਆਨ ਉਸ ਵੱਲ ਹੋ ਜਾਂਦਾ ਹੈ ਅਤੇ ਉਸ ਨੂੰ ਸਮੁੱਚਾ ਪਿਆਰ ਦਿੱਤਾ ਜਾਣ ਲੱਗ ਪੈਂਦਾ ਹੈ ਤੇ ਵੱਡੇ ਬੱਚੇ ਵਲ ਕੁਦਰਤੀ ਤੌਰ ਤੇ ਘੱਟ ਧਿਆਨ ਦਿੱਤਾ ਜਾਣ ਲੱਗ ਪੈਂਦਾ ਹੈ। ਇਸ ਲਈ ਵੱਡੇ ਬੱਚੇ ਦੀ ਭਾਵਾਤਮਕ ਸੁਰੱਖਿਆ ਖਤਰੇ ਵਿਚ ਪੈ ਜਾਂਦੀ ਹੈ ਜਿਸ ਦਾ ਸਿੱਟਾ ਇਹ ਹੁੰਦਾ ਹੈ ਕਿ ਉਹ ਹਠੀ, ਸੜੀਅਲ ਤੇ ਚਿੜਚਿੜਾ ਜਿਹਾ ਹੋ ਜਾਂਦਾ ਹੈ ਤੇ ਇਸ ਦਾ ਪ੍ਰਭਾਵ ਸਾਰੀ ਉਮਰ ਰਹਿੰਦਾ ਹੈ।

**1.2.5.1.4 ਮੁਢਲੀ ਬਾਲ ਅਵਸਥਾ ਵਿਚ ਸਮਾਜਿਕ ਵਿਕਾਸ (Social Development in Early Childhood):**

ਇਸ ਕਾਲ ਵਿਚ ਬੱਚੇ ਦਾ ਆਲਾ ਦੁਆਲਾ ਚੌੜਾ ਹੁੰਦਾ ਜਾਂਦਾ ਹੈ। ਤਿੰਨ ਸਾਲ ਦਾ ਬੱਚਾ ਲੱਗਭੱਗ ਹੋਰਨਾਂ ਨਾਲ ਖੇਡਣਾ ਪਸੰਦ ਕਰਦਾ ਹੈ। ਕਈ ਬੱਚੇ ਨਰਸਰੀ ਤੇ ਕਿੰਡਰ ਗਾਰਟਨ ਸਕੂਲਾਂ ਵਿਚ ਪ੍ਰਵੇਸ਼ ਕਰਦੇ ਹਨ। ਜਿਥੇ ਉਨ੍ਹਾਂ ਲਈ ਖੇਡਾਂ ਦਾ ਪ੍ਰਬੰਧ ਕੀਤਾ ਹੋਇਆ ਹੁੰਦਾ ਹੈ; ਤਾਂ ਜੋ ਬੱਚਿਆਂ ਦੀ ਪਰਵਰਿਸ਼ ਠੀਕ ਹੋ ਸਕੇ ਅਤੇ ਉਹ ਠੀਕ ਦਿਸ਼ਾ ਵਲ ਵਿਕਾਸ ਕਰ ਸਕਣ। ਇਸ ਲਈ ਜਦ ਉਹ ਹੋਰ ਦੂਜੇ ਬੱਚਿਆਂ ਨਾਲ ਸੰਪਰਕ ਵਿਚ ਆਉਂਦਾ ਹੈ; ਉਸ ਦਾ ਸਮਾਜਿਕ ਵਿਕਾਸ ਸ਼ੁਰੂ ਹੋ ਜਾਂਦਾ ਹੈ ਜਿਹੜਾ ਜੀਵਨ ਭਰ ਜਾਰੀ ਰਹਿੰਦਾ ਹੈ। ਉਹ ਦੂਜੇ ਬੱਚਿਆਂ ਨਾਲ ਕਈ ਵਾਰ ਲੜਦਾ ਹੈ; ਪਰ ਫਿਰ ਜਲਦੀ ਹੀ ਮੰਨ ਮਨਾਈ ਕਰ ਲੈਂਦਾ ਹੈ। ਚੌਥੇ ਸਾਲ ਵਿਚ ਹੀ ਉਹ ਦੂਜੇ ਬੱਚਿਆਂ ਨਾਲ ਗਰੋਹ ਵਿਚ ਖੇਡਣਾ ਪਸੰਦ ਕਰਦਾ ਹੈ। ਸਮਾਜਿਕ ਵਿਕਾਸ ਦੇ ਆਰੰਭ ਹੋਣ ਤੇ ਨੈਤਿਕ ਪ੍ਰਭਾਵ ਪੈਂਦਾ ਹੈ।

ਇਸ ਉਮਰ ਵਿਚ ਬੱਚਾ ਹਮ-ਉਮਰ ਦੇ ਬੱਚਿਆਂ ਅਨੁਸਾਰ ਆਪਣੇ ਆਪ ਨੂੰ ਢਾਲਣ ਦਾ ਯਤਨ ਕਰਦਾ ਹੈ। ਪਰੰਤੂ ਏਥੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਬੱਚੇ ਦਾ ਸਮਾਜਿਕ ਵਿਕਾਸ ਮਾਪਿਆਂ ਨਾਲ ਉਸ ਦੇ ਸੰਬੰਧਾਂ ਤੇ ਵੀ ਨਿਰਭਰ ਕਰਦਾ ਹੈ। ਜੇ ਇਹ ਸੰਬੰਧ ਸਨੇਹ-ਪੂਰਨ ਅਤੇ ਸੰਤੋਸ਼ਜਨਕ ਰਹੇ ਹੋਣ, ਤਾਂ ਇਹ ਸੰਭਵ ਹੈ ਕਿ ਬੱਚਾ ਇਕ ਮਿੱਤਰ ਭਾਵੀ, ਸਹਿਕਾਰੀ ਅਤੇ ਆਮ ਤੌਰ ਤੇ ਚੰਗਾ ਸਮਝਿਆ ਜਾਣ ਵਾਲਾ ਵਿਅਕਤੀ ਬਣੇਗਾ।

**1.2.5.1.5 ਮੁੱਢਲੀ ਬਾਲ ਅਵਸਥਾ ਦੀ ਸਿੱਖਿਆ (Education in Early Childhood Period) :**

ਪ੍ਰਸਿੱਧ ਬਾਲ ਮਨੋਵਿਗਿਆਨੀ ਗੈਸੈਲ (Gessell) ਨੇ ਪਹਿਲੇ ਪੰਜ-ਛੇ ਸਾਲਾਂ ਦੇ ਵਿਕਾਸ ਦੀ ਮਹੱਤਤਾ ਤੇ ਜ਼ੋਰ ਦਿੱਤਾ ਹੈ। ਇਸ ਕਾਲ ਵਿਚ ਬੱਚਾ ਨਰਸਰੀ ਕਲਾਸ ਵਿਚ ਜਾਣ ਦੇ ਯੋਗ ਹੋ ਜਾਂਦਾ ਹੈ ਅਤੇ ਉਸ ਦਾ ਆਲਾ ਦੁਆਲਾ ਵੱਡਾ ਹੁੰਦਾ ਹੈ। ਇਸ ਸਮੇਂ ਉਸ ਦੀਆਂ ਸੰਵੇਦੀ-ਗਤੀਆਤਮਕ ਯੋਗਤਾਵਾਂ ਦਾ ਵਿਕਾਸ ਕਰਨਾ ਸਕੂਲ ਦਾ ਕਰੱਤਵ ਹੋ ਜਾਂਦਾ ਹੈ। ਇਸ ਪੱਖੋਂ ਕੁਝ ਸੁਝਾਅ ਹੇਠਾਂ ਦਿੱਤੇ ਜਾ ਰਹੇ ਹਨ :-

1. ਇਸ ਸਮੇਂ ਉਸ ਦੇ ਵਿਕਾਸ ਲਈ ਮਿੱਟੀ, ਪਲਾਸਟਿਕ, ਰੰਗ ਰੋਗਨ, ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਉਸ ਨੂੰ ਸਿੱਖਿਆਦਾਇਕ ਖਿਡੌਣੇ ਦਿੱਤੇ ਜਾਣੇ ਚਾਹੀਦੇ ਹਨ। ਇਨ੍ਹਾਂ ਰਾਹੀਂ ਬੱਚਾ ਕਈ ਤਰ੍ਹਾਂ ਦੀਆਂ ਸੰਵੇਦੀ-ਗਤੀਆਤਮਕ ਕ੍ਰਿਆਵਾਂ ਕਰ ਸਕੇਗਾ ਅਤੇ ਇਸ ਨਾਲ ਸੰਵੇਦੀ ਗਤੀਆਤਮਕ ਤਾਲ ਮੇਲ ਦਾ ਵਿਕਾਸ ਹੋਵੇਗਾ,
2. ਕਿਉਂਕਿ ਇਸ ਉਮਰ ਵਿਚ ਗਿਆਨ ਇੰਦਰੀਆਂ ਦਾ ਪੂਰਨ ਵਿਕਾਸ ਨਹੀਂ ਹੋਇਆ ਹੁੰਦਾ; ਇਸ ਲਈ ਅੱਖਾਂ ਤੇ ਜ਼ਿਆਦਾ ਬੋਝ ਨਹੀਂ ਪਾਉਣਾ ਚਾਹੀਦਾ। ਜੇ ਪੜ੍ਹਾਈ ਸ਼ੁਰੂ ਕਰਵਾਉਣੀ ਹੋਵੇ; ਤਾਂ ਕਿਤਾਬਾਂ ਬਹੁਤ ਮੋਟੇ ਅੱਖਰਾਂ ਵਿਚ ਛਪੀਆਂ ਹੋਣੀਆਂ ਚਾਹੀਦੀਆਂ ਹਨ।
3. ਬੱਚਿਆਂ ਵਿਚ ਵਿਅਕਤੀਗਤ ਭਿੰਨਤਾ ਹੁੰਦੀ ਹੈ। ਇਸ ਉਮਰ ਵਿਚ ਵੱਖ-ਵੱਖ ਯੋਗਤਾਵਾਂ ਹੁੰਦੀਆਂ ਹਨ। ਜੇ ਹੋ ਸਕੇ ਤਾਂ ਅਧਿਆਪਕ ਨੂੰ ਸਮੱਗਰੀ ਤੇ ਸਿੱਖਣ ਕ੍ਰਿਆਵਾਂ ਦੀ ਚੋਣ ਸਮੇਂ ਹਰ ਬੱਚੇ ਦੀਆਂ ਯੋਗਤਾਵਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਘੱਟ ਮਾਨਸਿਕ ਵਿਕਾਸ ਵਾਲੇ ਬੱਚਿਆਂ ਨੂੰ ਦੇਰ ਨਾਲ ਸਕੂਲ ਵਿਚ ਦਾਖ਼ਿਲ ਕਰਨਾ ਚਾਹੀਦਾ ਹੈ।
4. ਤਿੰਨ ਤੋਂ ਪੰਜ ਸਾਲ ਦੀ ਉਮਰ ਵਿਚ ਜਿਗਿਆਸਾ ਰੁਚੀ ਵਧਦੀ ਹੈ। ਬੱਚੇ ਦੇ ਵਾਤਾਵਰਨ ਨੂੰ ਭਰਪੂਰ ਬਣਾਉਣ ਨਾਲ ਉਸ ਦੇ ਮਾਨਸਿਕ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਇਸ ਅਵਸਥਾ ਵਿਚ ਉਹ ਪ੍ਰਤੱਖ ਅਨੁਭਵ ਤੇ ਨਿੱਜੀ ਤਜਰਬੇ ਤੋਂ ਕਾਫ਼ੀ ਕੁਝ ਸਿੱਖਦਾ ਹੈ। ਇਸ ਲਈ ਉਸਨੂੰ ਚੰਗੇ ਅਨੁਭਵ ਪ੍ਰਾਪਤ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।
5. ਇਸ ਅਵਸਥਾ ਵਿਚ ਬੱਚਾ ਭਾਵਾਤਮਕ ਤੌਰ ਤੇ ਅਸੁਰੱਖਿਅਤ ਮਹਿਸੂਸ ਕਰਦਾ ਹੈ। ਉਸ ਨੂੰ ਮਾਪਿਆਂ ਦੇ ਪੂਰੇ ਧਿਆਨ ਤੇ ਪਿਆਰ ਦੀ ਲੋੜ ਹੁੰਦੀ ਹੈ। ਇਸ ਸਮੇਂ ਵਿਚ ਭਾਵਾਤਮਕ ਸੰਤੁਲਨ ਹਮੇਸ਼ਾ ਲਈ ਡਾਵਾਂ ਡੋਲ ਹੋ ਜਾਵੇਗਾ।
6. ਵਾਤਾਵਰਨ ਦਾ ਪ੍ਰਭਾਵ ਸਰੀਰਕ ਅਤੇ ਮਾਨਸਿਕ ਨਾਲੋਂ ਭਾਵਾਤਮਕ ਵਿਕਾਸ ਤੇ ਵਧੇਰੇ ਪੈਂਦਾ ਹੈ। ਇਸ ਲਈ ਬੱਚੇ ਨੂੰ ਅਨੁਕੂਲ ਵਾਤਾਵਰਨ ਮਿਲਣਾ ਬਹੁਤ ਜ਼ਰੂਰੀ ਹੈ।
7. ਇਸ ਅਵਸਥਾ ਵਿਚ ਬੱਚੇ ਵਿਚ ਹੀਨਭਾਵਨਾ (inferiority complex) ਦਾ ਅਹਿਸਾਸ ਪੈਦਾ ਹੋਣ ਦਾ ਡਰ ਹੁੰਦਾ ਹੈ। ਘਟੀਆਪਣ ਦੇ ਅਹਿਸਾਸ ਨੂੰ ਹਟਾਉਣ ਵਿਚ ਸਕੂਲ ਦਾ ਮਹੱਤਵਪੂਰਣ ਰੋਲ ਹੈ।
8. ਅਧਿਆਪਕਾਂ ਨੂੰ ਚਾਹੀਦਾ ਹੈ ਕਿ ਹਰ ਬੱਚੇ ਦੇ ਗੁਣਾਂ ਨੂੰ ਲੱਭ ਕੇ ਉਨ੍ਹਾਂ ਦਾ ਵਿਕਾਸ ਕਰੇ। ਇਸ ਨਾਲ ਉਨ੍ਹਾਂ ਦਾ ਉਤਸ਼ਾਹ ਤੇ ਆਤਮ ਗੌਰਵ ਵਧੇਗਾ। ਬੱਚੇ ਦੀ ਕਿਸੇ ਵੀ ਕਮਜ਼ੋਰੀ ਦਾ ਮਖੌਲ ਨਹੀਂ ਉਡਾਉਣਾ ਚਾਹੀਦਾ।
9. ਨਰਸਰੀ ਦੀਆਂ ਜਮਾਤਾਂ ਬਹੁਤ ਛੋਟੀਆਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਹਰ ਬੱਚੇ ਵਲ ਪੂਰਾ ਧਿਆਨ ਦਿੱਤਾ ਜਾਵੇ।
10. ਸ਼ੁਰੂ ਵਿਚ ਹਰ ਬੱਚਾ ਸੰਵੇਗਾਂ ਦੇ ਅਧੀਨ ਹੁੰਦਾ ਹੈ ਅਤੇ ਉਸ ਨੂੰ ਨੈਤਿਕਤਾ ਦਾ ਕੋਈ ਗਿਆਨ ਨਹੀਂ ਹੁੰਦਾ। ਪਰੰਤੂ ਉਹ ਚੌਥੇ ਪੰਜਵੇਂ ਸਾਲ ਦੇ ਲੱਗਭੱਗ ਹਰ ਸਥਿਤੀ ਨੂੰ ਠੀਕ ਸਮਝਣ ਲੱਗ ਪੈਂਦਾ ਹੈ। ਇਸ ਸਮੇਂ ਵਿਚ ਇਨਾਮ ਤੇ ਸਜ਼ਾ ਰਾਹੀਂ ਉਸਦੇ ਵਤੀਰੇ ਨੂੰ ਢਾਲਿਆ ਜਾ ਸਕਦਾ ਹੈ।

11. ਪੰਜਵੇਂ ਸਾਲ ਦੇ ਲੱਗਭੱਗ ਕਲਪਨਾ ਸ਼ਕਤੀ ਬਹੁਤ ਤੇਜ਼ ਹੁੰਦੀ ਹੈ ਅਤੇ ਜਿਗਿਆਸਾ ਰੁਚੀ ਵੀ ਤੀਬਰ ਹੋ ਜਾਂਦੀ ਹੈ। ਇਸ ਸਮੇਂ ਬੱਚਿਆਂ ਨੂੰ ਛੋਟੇ ਛੋਟੇ ਗਰੁੱਪਾਂ ਵਿਚ ਵੰਡ ਕੇ ਸੈਰ ਸਪਾਟੇ ਤੇ ਲੈ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਸਿਰਜਨਾਤਮਕ ਕ੍ਰਿਆਵਾਂ ਰਾਹੀਂ ਮਾਨਸਿਕ ਵਿਕਾਸ ਕਰਨਾ ਚਾਹੀਦਾ ਹੈ। ਉਸ ਨੂੰ ਸਮੂਹਿਕ ਖੇਡਾਂ ਵਿਚ ਰੁਝਾਉਣਾ ਚਾਹੀਦਾ ਹੈ। ਅਧਿਆਪਕ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਆਤਮ-ਪ੍ਰਗਟਾਵੇ ਲਈ ਉਤਸਾਹਿਤ ਕਰੇ।
12. ਸਕੂਲ ਦਾਖਿਲ ਹੋਣ ਸਮੇਂ ਬੱਚਾ ਸ਼ਰਮਾਕਲ, ਡਰਾਕਲ, ਗੁਸੈਲਾ ਜਾਂ ਈਰਖਾ ਵਾਲਾ ਹੋ ਸਕਦਾ ਹੈ। ਇਸ ਸਮੇਂ ਉਸ ਨੂੰ ਅਜਿਹੇ ਤਜ਼ਰਬੇ ਦਿੱਤੇ ਜਾਣੇ ਚਾਹੀਦੇ ਹਨ ਜਿਨ੍ਹਾਂ ਨਾਲ ਉਸ ਦਾ ਭਾਵਾਤਮਕ ਵਿਕਾਸ ਹੋ ਸਕੇ। ਸਕੂਲ ਵਿਚ ਬੱਚੇ ਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ।
13. ਬੱਚਿਆਂ ਨੂੰ ਉਹ ਖੇਡਾਂ ਖਿਡਾਈਆਂ ਜਾਣ ਜਿਨ੍ਹਾਂ ਰਾਹੀਂ ਸਰੀਰ ਦੇ ਅੰਗ ਵਿਕਸਿਤ ਹੋਣ ਵਿਚ ਸਹਾਇਤਾ ਮਿਲਦੀ ਹੈ। ਉਨ੍ਹਾਂ ਦੀਆਂ ਗਤੀਆਤਮਕ ਯੋਗਤਾਵਾਂ (motor abilities) ਦਾ ਵਿਕਾਸ ਹੋਣਾ ਬਹੁਤ ਜ਼ਰੂਰੀ ਹੈ।
14. ਅਧਿਆਪਕ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਬੱਚਾ ਸਮਾਜਿਕ ਜੀਵਨ ਵਿਚ ਪਛੜ ਨਾ ਜਾਏ। ਅਧਿਆਪਕ ਨੂੰ ਅਜਿਹੇ ਬੱਚਿਆਂ ਦਾ ਜੋ ਸਮਾਜਿਕ ਤੌਰ ਤੇ ਪਛੜ ਰਹੇ ਹੋਣ ਦਾ ਉਚੇਚਾ ਧਿਆਨ ਰੱਖਣਾ ਚਾਹੀਦਾ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਵਿਕਾਸ ਦੇ ਸਭ ਪੱਖੋਂ ਇਹ ਅਵਸਥਾ ਸਭ ਤੋਂ ਜ਼ਿਆਦਾ ਮਹੱਤਵਪੂਰਣ ਹੈ ਜਿਥੇ ਮਾਪਿਆਂ ਅਤੇ ਅਧਿਆਪਕਾਂ ਦੋਵਾਂ ਨੇ ਹੀ ਚੰਗੀ ਭੂਮਿਕਾ ਨਿਭਾਉਣੀ ਹੈ।

### 1.2.5.2 ਬਾਲ ਅਵਸਥਾ (Childhood)

ਬਚਪਨ ਅਵਸਥਾ 5 ਤੋਂ 12 ਸਾਲ ਦੀ ਉਮਰ ਤੱਕ ਹੁੰਦੀ ਹੈ। ਇਸ ਸਮੇਂ ਬੱਚਾ ਸਕੂਲ ਵਿਚ ਪ੍ਰਵੇਸ਼ ਲੈ ਚੁੱਕਾ ਹੁੰਦਾ ਹੈ। ਇਸ ਕਾਲ ਵਿਚ ਬਹੁਤ ਸਾਰੀਆਂ ਸਰੀਰਕ, ਬੌਧਿਕ ਭਾਵਨਾਤਮਕ ਅਤੇ ਸਮਾਜਿਕ ਤਬਦੀਲੀਆਂ ਆਉਂਦੀਆਂ ਹਨ।

#### 1.2.5.2.1 ਬਾਲ ਅਵਸਥਾ ਵਿੱਚ ਸਰੀਰਕ ਵਿਕਾਸ (Physical development in Early Childhood)

ਇਸ ਅਵਸਥਾ ਵਿੱਚ ਸਰੀਰਕ ਵਿਕਾਸ ਹੇਠ ਲਿਖੇ ਅਨੁਸਾਰ ਹੁੰਦਾ ਹੈ :

1. **ਕੱਦ ਅਤੇ ਭਾਰ** : ਇਸ ਕਾਲ ਵਿੱਚ ਵਾਧਾ ਅਤੇ ਵਿਕਾਸ ਕੁੱਝ ਮੱਧਮ, ਲਗਾਤਾਰ ਅਤੇ ਇੱਕਸਾਰ ਹੁੰਦਾ ਹੈ। 12 ਸਾਲ ਦੀ ਉਮਰ ਵਿੱਚ ਬੱਚੇ ਜਾਂ ਸਿੱਖਿਆਰਥੀ ਦਾ ਕੱਦ 56 ਇੰਚ ਦੇ ਲਗਭਗ ਹੁੰਦਾ ਹੈ ਅਤੇ ਭਾਰ 85 ਪੌਂਡ ਜਾਂ 34 ਕਿਲੋ ਦੇ ਲਗਭਗ ਹੁੰਦਾ ਹੈ।
2. **ਸਰੀਰਕ ਅਨੁਪਾਤ** : ਇਸ ਅਵਸਥਾ ਵਿਚ ਸਰੀਰਕ ਅਨੁਪਾਤ ਕਾਫੀ ਬਦਲ ਜਾਂਦਾ ਹੈ। ਬੱਚੇ ਦੀ ਸਮੁੱਚੀ ਸ਼ਕਲ ਬਦਲ ਜਾਂਦੀ ਹੈ। ਨੱਕ ਵੱਡਾ ਹੋ ਜਾਂਦਾ ਹੈ ਅਤੇ ਹੇਠਲੇ ਜਬਾੜ੍ਹੇ ਦੇ ਆਕਾਰ ਵਿੱਚ ਵਾਧਾ ਹੋ ਜਾਂਦਾ ਹੈ। ਬਾਂਹਾਂ, ਲੱਤਾਂ ਅਤੇ ਧੜ੍ਹ ਦੀ ਲੰਬਾਈ ਵੱਧ ਜਾਂਦੀ ਹੈ। ਇਸ ਸਮੇਂ ਬੱਚੇ ਪਤਲੇ ਹੋ ਜਾਂਦੇ ਹਨ। ਇਸ ਤਰ੍ਹਾਂ ਬੱਚਾ ਕੁੱਝ ਕਮਜ਼ੋਰ ਲੱਗਣ ਲੱਗ ਪੈਂਦਾ ਹੈ।
3. **ਵਾਧਾ ਅਤੇ ਪੱਠਿਆਂ ਦਾ ਤਾਲਮੇਲ** : ਇਸ ਅਵਸਥਾ ਵਿਚ ਬੱਚਿਆਂ ਦਾ ਵਾਧਾ ਤੀਬਰ ਅਤੇ ਬਹੁਤ ਜ਼ਿਆਦਾ ਹੁੰਦਾ ਹੈ। ਬੱਚਿਆਂ ਦੇ ਸੂਖਮ ਪੱਠਿਆਂ ਵਿਚਕਾਰ ਤਾਲਮੇਲ ਕਾਇਮ ਹੋ ਜਾਂਦਾ ਹੈ ਅਤੇ ਉਸ ਦੇ ਪੱਠੇ ਤੇ ਪ੍ਰੇਰਕ ਸਰਗਰਮੀਆਂ ਸੁਧਰ ਜਾਂਦੀਆਂ ਹਨ।
4. **ਦੰਦ** : ਇਸ ਕਾਲ ਵਿੱਚ ਬੱਚੇ ਦੇ ਦੁਧਲੇ ਦੰਦ ਡਿੱਗ ਜਾਂਦੇ ਹਨ ਅਤੇ ਉਨ੍ਹਾਂ ਦੀ ਥਾਂ ਨਵੇਂ ਦੰਦ ਉੱਗਦੇ ਹਨ।
5. **ਨਾੜੀ ਸੰਸਥਾਨ** : ਸ਼ਿਸ਼ੂ ਕਾਲ ਵਿਚ ਨਾੜੀ ਸੰਸਥਾਨ ਦਾ ਵਿਕਾਸ ਹੋਰ ਮੁਕਾਬਲੇ ਤੀਬਰ ਗਤੀ ਨਾਲ ਹੁੰਦਾ ਹੈ। ਪਰ ਇਸ ਕਾਲ ਵਿੱਚ ਉਸ ਦੀ ਰਫਤਾਰ ਘੱਟ ਹੁੰਦੀ ਹੈ।
6. **ਗਿਆਨ ਇੰਦਰੀਆਂ ਅਤੇ ਪ੍ਰੇਰਕ ਅੰਗ** : ਇਸ ਅਵਸਥਾ ਵਿੱਚ ਬੱਚੇ ਦੀਆਂ ਗਿਆਨ ਇੰਦਰੀਆਂ ਅਤੇ ਪ੍ਰੇਰਕ ਅੰਗ ਪੂਰਨ ਵਿਕਾਸ ਪ੍ਰਾਪਤ ਕਰ ਲੈਂਦੇ ਹਨ ਅਤੇ ਪੂਰੀ ਤਰ੍ਹਾਂ ਉੱਨਤ ਹੋ ਜਾਂਦੇ ਹਨ।
7. **ਲਿੰਗ ਭੇਦ** : ਇਸ ਅਵਸਥਾ ਵਿਚ ਲਿੰਗ ਭੇਦ ਸਰੀਰਕ ਵਾਧੇ ਉਤੇ ਪ੍ਰਭਾਵ ਪਾਉਂਦੇ ਹਨ। ਇੱਕ ਲੜਕੀ ਔਸਤਨ ਤੌਰ ਤੇ ਲੜਕੇ ਨਾਲੋਂ ਅੱਧਾ ਇੰਚ ਲੰਬੀ ਅਤੇ 3 ਪੌਂਡ ਭਾਰੀ ਹੁੰਦੀ ਹੈ।

#### 1.2.5.2.2 ਬਾਲ ਅਵਸਥਾ ਵਿੱਚ ਮਾਨਸਿਕ ਵਿਕਾਸ (Mental development in Early Childhood)

ਬਾਲ ਅਵਸਥਾ ਵਿੱਚ ਬੱਚੇ ਦਾ ਮਾਨਸਿਕ ਵਿਕਾਸ ਹੇਠ ਲਿਖੇ ਅਨੁਸਾਰ ਹੁੰਦਾ ਹੈ :

1. **ਭਾਸ਼ਾ ਦਾ ਵਿਕਾਸ** : 12 ਸਾਲ ਦੀ ਉਮਰ ਵਿੱਚ ਬੱਚੇ ਦਾ ਸ਼ਬਦ ਭੰਡਾਰ ਕਾਫੀ ਵਿਸ਼ਾਲ ਹੋ ਜਾਂਦਾ ਹੈ। ਉਹ ਚੰਗੀ ਤਰ੍ਹਾਂ ਵਾਕ ਬੋਲ ਸਕਦਾ ਹੈ ਅਤੇ ਮੁਹਾਵਰੇ ਵੀ ਵਰਤ ਸਕਦਾ ਹੈ।
2. **ਤਰਕ ਸ਼ਕਤੀ ਦਾ ਵਿਕਾਸ** : ਇਸ ਕਾਲ ਵਿਚ ਬੱਚੇ ਦੀ ਤਰਕ-ਸ਼ਕਤੀ ਦਾ ਵਿਕਾਸ ਹੋ ਜਾਂਦਾ ਹੈ।
3. **ਕਲਪਨਾ ਵਿਚ ਅਸਲੀਅਤ ਦਾ ਰੰਗ** :ਇਸ ਅਵਸਥਾ ਵਿਚ ਬੱਚਾ ਇਹ ਅਨੁਭਵ ਕਰਦਾ ਹੈ ਕਿ ਅਸਲੀਅਤ ਵਾਲੀ ਦੁਨੀਆਂ ਉਸਦੀ ਅਸਲੀ ਦੁਨੀਆ ਹੈ।
4. **ਧਾਰਨਾਵਾਂ ਦਾ ਵਿਕਾਸ** : ਇਸ ਅਵਸਥਾ ਵਿੱਚ ਬੱਚਾ ਸਮੇਂ ਦੀ ਧਾਰਨਾ ਦਾ ਪੂਰਨ ਗਿਆਨ ਪ੍ਰਾਪਤ ਕਰ ਲੈਂਦਾ ਹੈ। ਉਹ ਲੰਬਾਈ ਅਤੇ ਦੂਰੀ ਦਾ ਵੀ ਗਿਆਨ ਪ੍ਰਾਪਤ ਕਰ ਲੈਂਦਾ ਹੈ।
5. **ਰੁਚੀਆਂ ਦਾ ਵਿਕਾਸ** :ਇਸ ਅਵਸਥਾ ਵਿੱਚ ਬੱਚੇ ਦੀਆਂ ਰੁਚੀਆਂ ਦਾ ਘੇਰਾ ਵਿਸ਼ਾਲ ਹੋ ਜਾਂਦਾ ਹੈ। ਉਹ ਸਫਰਨਾਮੇ, ਜੀਵਨੀਆਂ, ਵਿਗਿਆਨ ਦੀਆਂ ਕਿਤਾਬਾਂ, ਕਾਰਨਾਮੇ, ਪਰੀਆਂ ਦੀਆਂ ਕਹਾਣੀਆਂ, ਜੁਰਮ ਦੀਆਂ ਕਹਾਣੀਆਂ, ਰਹੱਸ-ਪੂਰਨ ਕਿਤਾਬਾਂ ਪਸੰਦ ਕਰਦਾ ਹੈ।

### 1.2.5.2.3 ਬਾਲ ਅਵਸਥਾ ਵਿੱਚ ਭਾਵਨਾਤਮਕ ਵਿਕਾਸ (Emotional development in Early Childhood)

ਬਚਪਨ ਕਾਲ ਵਿੱਚ ਬੱਚਾ ਆਪਣੇ ਸੰਵੇਗਾਂ ਨੂੰ ਨਿਯੰਤਰਿਤ ਕਰ ਲੈਂਦਾ ਹੈ। ਇਸ ਪੜਾਅ ਵਿੱਚ ਹੀ ਬੱਚੇ ਦੀ ਸਥਾਈ ਭਾਵਨਾਵਾਂ ਬਣਦੀਆਂ ਹਨ। ਬੱਚਾ ਡਰਦਾ ਹੈ ਪਰ ਫਿਰ ਵੀ ਬਹਾਦੁਰੀ ਵਿਖਾਉਂਦਾ ਹੈ। ਉਸ ਨੂੰ ਗੁੱਸਾ ਆਉਂਦਾ ਹੈ ਪਰ ਉਹ ਗੁੱਸਾ ਜ਼ਾਹਿਰ ਨਹੀ ਕਰਦਾ ਉਸ ਦੀ ਖ਼ੁਸ਼ੀ ਦੇ ਭਾਵ ਮੁਸਕਾਨ ਵਿੱਚ ਦੇਖੇ ਜਾ ਸਕਦੇ ਹਨ ਨਾ ਕਿ ਠਹਾਕੇ ਵਿੱਚ। ਇਸ ਤਰ੍ਹਾਂ ਬੱਚਾ ਇਸ ਪੜਾਅ ਵਿੱਚ ਆਪਣੇ ਸੰਵੇਗਾਂ ਨੂੰ ਕਾਬੂ ਕਰ ਲੈਂਦਾ ਹੈ।

### 1.2.5.2.4 ਬਾਲ ਅਵਸਥਾ ਵਿੱਚ ਸਮਾਜਿਕ ਵਿਕਾਸ (Social development in Early Childhood)

ਬਚਪਨਕਾਲ ਵਿੱਚ ਬੱਚੇ ਵਿੱਚ ਸਮਾਜਿਕ ਗੁਣਾਂ ਦਾ ਵਿਕਾਸ ਹੋ ਜਾਂਦਾ ਹੈ।

1. ਬੱਚਾ ਹੁਣ ਇੱਕ ਸਮੂਹ ਵਿੱਚ ਖੇਡਦਾ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਸਮਾਂ ਆਪਣੇ ਦੋਸਤਾਂ ਨਾਲ ਹੀ ਰਹਿੰਦਾ ਹੈ। ਉਸਦੇ ਲਈ ਹੁਣ ਉਸ ਦਾ ਸਮੂਹ (Group) ਬਹੁਤ ਹੀ ਮਹੱਤਵਪੂਰਨ ਹੋ ਜਾਂਦਾ ਹੈ।
2. ਬੱਚਾ ਆਪਣੇ ਆਪ ਨੂੰ ਸਮੂਹ ਵਿੱਚ ਸਮਾਯੋਜਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਆਪਣੇ ਗਰੁੱਪ ਪ੍ਰਤੀ ਵਫਾਦਾਰ ਹੋ ਜਾਂਦਾ ਹੈ ਅਤੇ ਕਦੇ-ਕਦੇ ਗਰੁੱਪ ਦੀ ਅਗਵਾਈ ਵੀ ਕਰਦਾ ਹੈ।
3. ਮੁੰਡੇ ਅਤੇ ਕੁੜੀਆਂ ਅੱਡ-ਅੱਡ ਗਰੁੱਪਾਂ ਵਿਚ ਖੇਡਦੇ ਹਨ।
4. ਇਸ ਉਮਰ ਵਿਚ ਬੱਚੇ ਮਾਪਿਆਂ ਦੇ ਸਮਾਜਿਕ-ਆਰਥਿਕ ਰੁਤਬੇ ਪ੍ਰਤੀ ਜ਼ਿਆਦਾ ਸੁਚੇਤ ਹੋ ਜਾਂਦੇ ਹਨ। ਇਸ ਕਾਰਨ ਉਨ੍ਹਾਂ ਵਿਚ ਕਈ ਵਾਰ ਮੱਤਭੇਦ ਵੀ ਪੈਦਾ ਹੋ ਜਾਂਦੇ ਹਨ। ਇਸ ਲਈ ਮਾਪਿਆਂ ਅਤੇ ਅਧਿਆਪਕਾਂ ਦਾ ਫਰਜ਼ ਹੈ ਕਿ ਉਹ ਬੱਚਿਆਂ ਵਿੱਚ ਇਸ ਤਰ੍ਹਾਂ ਦੇ ਮੱਤਭੇਦ ਨਾ ਪੈਦਾ ਹੋਣ ਦੇਣ।

### 1.2.5.2.5 ਬਾਲ ਅਵਸਥਾ ਵਿੱਚ ਸਿੱਖਿਆ (Education in Early Childhood)

ਇਸ ਅਵਸਥਾ (ਬਚਪਨ) ਦਾ ਵਿਕਾਸ ਦਾ ਪੜਾਅ ਮਨੁੱਖ ਦੇ ਸਾਰੇ ਜੀਵਨ ਦਾ ਆਇਨਾ ਹੁੰਦਾ ਹੈ। ਇਹ ਭੂਤ, ਵਰਤਮਾਨ ਅਤੇ ਭਵਿੱਖ ਨੂੰ ਦਰਸਾਉਂਦਾ ਹੈ।

1. ਅਧਿਆਪਕ ਨੂੰ ਸਕੂਲ ਵਿਚ ਬੱਚਿਆਂ ਲਈ ਖੇਡਾਂ ਦਾ ਆਯੋਜਨ ਕਰਨਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਖੇਡਾਂ ਵਿਚ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।
2. ਅਧਿਆਪਕ ਬੱਚੇ ਦੇ ਮਾਨਸਿਕ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।
3. ਬੱਚਿਆਂ ਵਿੱਚ ਈਮਾਨਦਾਰੀ ਅਤੇ ਸੱਚਾਈ ਦੇ ਗੁਣਾਂ ਦਾ ਵਿਕਾਸ ਕਰਨਾ ਚਾਹੀਦਾ ਹੈ।
4. ਪਾਠਕ੍ਰਮ ਬੱਚਿਆਂ ਦੀ ਰੁਚੀ ਅਨੁਸਾਰ ਹੋਣਾ ਚਾਹੀਦਾ ਹੈ।
5. ਇਤਿਹਾਸ ਅਤੇ ਗਣਿਤ ਦੀ ਵਿਆਖਿਆ ਜੀਵਨ ਨਾਲ ਸੰਬੰਧਿਤ ਕਰਕੇ ਕਰਨੀ ਚਾਹੀਦੀ ਹੈ।
6. ਸਕੂਲੀ ਸੰਸਥਾ ਨੂੰ ਬੱਚਿਆਂ ਲਈ ਸਕਾਊਟ, ਵਾਦ-ਵਿਵਾਦ ਪ੍ਰਤੀਯੋਗਿਤਾ, ਡਰਾਮਾ ਅਤੇ ਖੇਡਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ।
7. ਸਕੂਲ ਵਿਚ ਭਾਵਨਾਤਮਕ ਸੁਰੱਖਿਆ ਦਾ ਮਾਹੌਲ ਹੋਣਾ ਚਾਹੀਦਾ ਹੈ।

**1.2.6 ਸਾਰਾਂਸ਼ (Summary)**

ਵਿਅਕਤੀ ਦਾ ਵਾਧਾ ਅਤੇ ਵਿਕਾਸ ਬਹੁ-ਪੱਖੀ ਪ੍ਰਕ੍ਰਿਆ ਹੈ। ਇਸ ਵਿਚ ਸਰੀਰਕ ਪੱਖਾਂ ਦੇ ਨਾਲ-ਨਾਲ ਬੌਧਿਕ, ਸਮਾਜਿਕ ਅਤੇ ਭਾਵਨਾਤਮਕ ਪੱਖ ਵੀ ਸ਼ਾਮਲ ਹਨ ਅਤੇ ਵਿਕਾਸ ਦੇ ਇਹ ਸਾਰੇ ਪੱਖ ਆਪਸ ਵਿਚ ਅੰਤਰ-ਸੰਬੰਧਿਤ ਅਤੇ ਅੰਤਰ-ਨਿਰਭਰ ਹਨ। ਸਰੀਰ ਵਿਚ ਹੋਣ ਵਾਲੇ ਮਾਤਰਾਤਮਕ ਪਰਿਵਰਤਨਾਂ ਨੂੰ ਵਾਧਾ ਕਿਹਾ ਜਾਂਦਾ ਹੈ ਜਿਵੇਂ ਕੱਦ ਵਿਚ ਵਾਧਾ, ਸਰੀਰ ਵਿਚ ਹੋਣ ਵਾਲੇ ਗੁਣਾਤਮਕ ਪਰਿਵਰਤਨ ਨੂੰ ਵਿਕਾਸ ਕਿਹਾ ਜਾਂਦਾ ਹੈ ਜਿਵੇਂ ਸਿਰ ਦੇ ਵਾਲਾਂ ਦਾ ਸਫੈਦ ਹੋਣਾ। ਵਿਕਾਸ ਦਾ ਭਾਵ ਸਮੁੱਚੇ ਸਰੀਰ ਵਿਚ ਹੋਣ ਵਾਲੇ ਪਰਿਵਰਤਨ ਕਾਰਨ ਪੈਣ ਵਾਲੇ ਪ੍ਰਭਾਵ ਨਾਲ ਹੁੰਦਾ ਹੈ। ਸਿੱਖਿਆਰਥੀ ਦੇ ਵਿਕਾਸ ਦੇ ਵੱਖ-ਵੱਖ ਪੱਧਰ ਇਸ ਤਰ੍ਹਾਂ ਹਨ : ਸ਼ਿਸ਼ੂਕਾਲ, ਮੁਢਲੀ ਬਾਲ ਅਵਸਥਾ, ਬਚਪਨਕਾਲ, ਕਿਸ਼ੋਰ ਅਵਸਥਾ ਅਤੇ ਬਾਲਗ ਅਵਸਥਾ। ਮੁਢਲੀ ਬਾਲ ਅਵਸਥਾ ਵਿਚ ਬੱਚੇ ਦਾ ਸਰੀਰਕ ਵਿਕਾਸ ਬਹੁਤ ਤੇਜ਼ੀ ਨਾਲ ਹੁੰਦਾ ਹੈ। ਬੱਚੇ ਦੇ ਵਿਕਾਸ ਵਿੱਚ ਦੰਦ ਕੱਢਣੇ। ਨਾੜੀ ਸੰਸਥਾਨ, ਰੁਚੀਆਂ, ਪੱਠੇ ਅਤੇ ਪਾਚਨ ਅੰਗਾਂ ਵਿਚ ਪਰਿਵਰਤਨ ਆਉਂਦਾ ਹੈ ਅਤੇ ਬੱਚੇ ਦਾ ਭਾਰ ਅਤੇ ਕੱਦ ਵੀ ਵੱਧਦਾ ਹੈ। ਬਚਪਨਕਾਲ ਵਿਚ ਬੱਚਾ ਚੰਗੀ ਤਰ੍ਹਾਂ ਬੋਲ ਸਕਦਾ ਹੈ। ਉਸਦੀ ਤਰਕਸ਼ਕਤੀ ਦਾ ਵੀ ਵਿਕਾਸ ਹੁੰਦਾ ਹੈ। ਬੱਚਾ ਸਮੂਹ ਵਿਚ ਰਹਿਣਾ ਪਸੰਦ ਕਰਦਾ ਹੈ। ਬੱਚਿਆਂ ਵਿਚ ਈਮਾਨਦਾਰੀ ਅਤੇ ਸੱਚਾਈ ਦੇ ਗੁਣਾਂ ਦਾ ਵਿਕਾਸ ਕਰਨਾ ਚਾਹੀਦਾ ਹੈ ਅਤੇ ਪਾਠਕ੍ਰਮ ਉਨ੍ਹਾਂ ਦੀ ਰੁਚੀ ਦੇ ਅਨੁਸਾਰ ਹੀ ਹੋਣਾ ਚਾਹੀਦਾ ਹੈ।

**1.2.7 ਮੁੱਖ ਨੁਕਤੇ :-**

**1. ਵਾਧੇ ਅਤੇ ਵਿਕਾਸ ਦਾ ਅਰਥ**

**2. ਮੁਢਲੀ ਬਾਲ ਅਵਸਥਾ ਵਿਚ ਸਰੀਰਕ ਵਿਕਾਸ**

**3. ਬਾਲ ਅਵਸਥਾ ਵਿਚ ਮਾਨਸਿਕ ਵਿਕਾਸ**

**1.2.8 ਸਵੈ-ਮੁਲਾਂਕਣ ਅਭਿਆਸ :-**

**1.2.9 ਸੁਝਾਏ ਪ੍ਰਸ਼ਨ :-**

**1.2.10 ਸੁਝਾਏ ਪੁਸਤਕ ਸੂਚੀ :-**

**ਪਾਠ- 1.3**

# ਵਿਰਾਸਤ ਅਤੇ ਵਾਤਾਵਰਨ ਦਾ ਵਾਧੇ ਤੇ ਵਿਕਾਸ ਉੱਪਰ ਪ੍ਰਭਾਵ

1.3.1 ਪਾਠ ਦੇ ਉਦੇਸ਼
1.3.2 ਵਿਰਾਸਤ ਦਾ ਅਰਥ
1.3.3 ਵਿਰਾਸਤ ਦੇ ਨਿਯਮ
1.3.4 ਵਾਤਾਵਰਣ ਦਾ ਅਰਥ
1.3.5 ਵਾਤਾਵਰਣ ਦੇ ਪ੍ਰਕਾਰ
1.3.6 ਵਿਰਾਸਤ ਅਤੇ ਵਾਤਾਵਰਨ ਦਾ ਵਾਧੇ ਦੇ ਵਿਕਾਸ ਉੱਪਰ ਪ੍ਰਭਾਵ
1.3.7 ਵਿਰਾਸਤ ਅਤੇ ਵਾਤਾਵਰਨ ਦੀ ਮਹੱਤਤਾ
1.3.8 ਵਾਤਾਵਰਣ ਪੱਖੀਆਂ ਦਾ ਵਿਚਾਰ
1.3.9 ਵਿਰਾਸਤ ਅਤੇ ਵਾਤਾਵਰਣ ਦੀ ਬੱਚੇ ਦੇ ਵਾਧੇ ਅਤੇ ਵਿਕਾਸ ਦੀ ਮਹੱਤਤਾ
1.3.10 ਸਾਰ
1.3.11 ਮੁੱਖ ਨੁਕਤੇ
1.3.12 ਸਵੈ-ਮੁਲਾਂਕਣ ਅਭਿਆਸ
1.3.13 ਸੁਝਾਏ ਪ੍ਰਸ਼ਨ
1.3.14 ਸੁਝਾਈਆਂ ਪੁਸਕਾਂ ਅਤੇ ਵੈਬ ਸੋਮੇ

### 1.3.1 ਪਾਠ ਦੇ ਉਦੇਸ਼ :-

**ਇਸ ਪਾਠ ਨੂੰ ਪੜ੍ਹਣ ਉਪਰੰਤ ਵਿਦਿਆਰਥੀ ਹੇਠ ਲਿਖੇ ਤੱਥਾਂ ਤੋਂ ਜਾਣੂ ਹੋਣਗੇ :-**

**1. ਵਿਰਾਸਤ ਦਾ ਅਰਥ ਦੱਸ ਸਕਣਗੇ।**

**2. ਵਿਰਾਸਤ ਅਤੇ ਵਾਤਾਵਰਨ ਦਾ ਮਾਪੇ ਤੇ ਵਿਕਾਸ ਉੱਪਰ ਪ੍ਰਭਾਵ ਦੱਸ ਸਕਣਗੇ।**

**3. ਵਿਰਾਸਤ ਅਤੇ ਵਾਤਾਵਰਣ ਦੀ ਮਹੱਤਤਾ ਦੱਸ ਸਕਣਵੇ।**

### 1.3.2 ਵਿਰਾਸਤ ਦਾ ਅਰਥ (Meaning of Heredity)

ਇਕ ਸਧਾਰਨ ਆਦਮੀ ਵਿਰਾਸਤ ਤੋਂ ਭਾਵ ਬੱਚੇ ਅਤੇ ਮਾਪਿਆਂ ਵਿੱਚ ਭੌਤਿਕ ਜਾਂ ਸਰੀਰਕ ਸਮਾਨਤਾ ਤੋਂ ਲੈਂਦਾ ਹੈ। ਆਦਮੀ ਦੇ ਵਿਕਾਸ ਦੇ ਸੰਬੰਧ ਵਿੱਚ ਜਿਸ ਵਿੱਚ ਵਿਰਾਸਤ ਜਾ ਵਿਰਸੇ ਦਾ ਵੇਰਵਾ ਆਉਦਾ ਹੈ, ਅਸਲ ਵਿੱਚ ਓਸ ਦਾ ਭਾਵ ਉਨ੍ਹਾਂ ਜੀਨਜ਼ ਤੋਂ ਹੰਦਾ ਹੈ ਜੋ ਹਰ ਜੀਵਨ ਕੌਸਾਣੂ ਦੀ ਨਾਭ ਵਿੱਚ ਆਉਦੇ ਹਨ। ਇਹ ਜੀਨਜ਼ ਅਰੀ ਗੁਣਸੂਤਰ ਵਿੱਚ ਜੁੜੇ ਹੁੰਦੇ ਹਨ। ਹਰ ਜੀਵਤ ਸੈਲ ਦੇ ਵਿਚ ਕਰੋਮੋਸੋਮ ਦੀ ਗਿਣਤੀ ਹਰ ਪ੍ਰਾਣੀ ਵਰਗ ਲਈ ਵੱਖ ਵੱਖ ਹੁੰਦੀ ਹੈ। ਮਨੁੱਖੀ ਸਰੀਰ ਦੇ ਹਰ ਸੱਲ ਦੇ ਵਿਚ 46 ਭਾਵ 23 ਜੋੜੇ ਗੁਣਸੂਤਰਾਂ ਦੇ ਹੰਦੇ ਹਨ। ਹਰ ਮਨੁੱਖੀ ਜੀਵ ਅੰਦਰ ਹਜਾਰਾਂ ਜੀਨਜ਼ ਹੁੰਦੇ ਹਨ, ਇਨ੍ਹਾਂ ਦੀ ਕਰੋਮੋਸੋਮ ਦੀ ਗਿਣਤੀ ਬਰਾਬਰ ਹੁੰਦੀ ਹੈ। ਜਿਨ੍ਹਾਂ ਜੀਨਜ਼ ਵਿੱਚੋ ਕਈ ਵਿੱਚ ਮਾਂ ਬਾਪ ਦੇ ਅੰਸ ਵੱਧ ਹੁੰਦੇ ਹਨ। ਕਈ ਅਜਿਹੇ ਹੁੰਦੇ ਹਨ ਜਿਨ੍ਹਾਂ ਦੇ ਦਾਦੇ, ਦਾਦੀ ਜਾਂ ਫਿਰ ਨਾਨੇ ਦੇ ਅੰਸ ਵੱਧ ਹੁੰਦੇ ਹਨ। ਇਸੇ ਪ੍ਰਕਾਰ ਹੀ ਕਈ ਜੀਨਜ਼ ਵਿੱਚ ਇਸ ਤੋਂ ਪਿਛਲੀਆਂ ਪੀੜੀਆਂ ਦੇ ਅੰਸ਼ ਵੱਧ ਹੋ ਸਕਦੇ ਹਨ। ਜਿਸ ਪ੍ਰਕਾਰ ਦੇ ਜੀਨਜ਼ ਦੇ ਆਪਸ ਵਿੱਚ ਮੇਲ ਹੋਵੇਗਾ ਤਾਂ ਮੇਲ ਬੱਚੇ ਦੇ ਜਨਮ ਦਾ ਆਧਾਰ ਹੋਵੇਗਾ ਅਤੇ ਉਸੇ ਪ੍ਰਕਾਰ ਹੀ ਉਸ ਦਾ ਵਿਅਕਤਿਤਵ ਉਭਰੇਗਾ। ਬੱਚੇ ਜੇ ਜੀਵਨ ਦਾ ਆਰੰਭ ਦੋ ਪ੍ਰਕਾਰ

ਦੇ ਜੀਵਾਣੂਆਂ ਨਾਲ ਹੁੰਦਾ ਹੈ ਇਕ ਪਾਸੇ ਦਾ ਜੀਵਾਣੂ ਇਸਤਰੀ ਦੇ ਵੀਰਜ ਵਿੱਚ ਅੰਡੇ ਵਿੱਚ ਆਉਦਾ ਹੈ ਅਤੇ ਦੂਜੀ ਕਿਸਮ ਦਾ ਜੀਵਾਣੂ ਮਰਦ ਦੇ ਵੀਰਜ ਦੇ ਵਿੱਚ ਨਰ ਅੰਸ਼ ਦੇ ਰੂਪ ਵਿੱਚ ਆਉਦਾ ਹੈ ਭਾਵੇਂ ਨਰ ਵੰਸ਼ਾਂ ਦੀ ਗਿਣਤੀ ਇਕੋ ਵਾਰ ਦੇ ਵੀਰਜ ਵਿੰਚ ਅਣਗਿਣਤ ਹੁੰਦੀ ਹੈ ਪ੍ਰੰਤੂ ਇਸਤਰੀ ਨੂੰ ਇਕੋ ਵਾਰ ਹੀ ਆਡਾ ਉਭਰਦਾ ਹੈ ਅਤੇ ਇਨ੍ਹਾਂ ਵਿਚ ਇਕ ਆਏ ਜੋ ਜੀਵਣੂਆਂ ਨਾਲ ਮਨੁੱਖੀ ਦਾ ਆਰੰਭ ਹੁੰਦਾ ਹੈ। ਇਕ ਮਾਦਾ ਆਡੇ ਅਤੇ ਇਕ ਨਰ ਅੰਸ਼ ਵਿਚੋ ਦੋਹਾਂ ਪਾਸਿਆਂ ਤੋਂ 23 ਅਤੇ 23 ਕ੍ਰੋਮੋਸੋਮ ਆਉਂਦੇ ਹਨ। ਅੱਧੇ ਜੀਨਜ਼ ਮਾਂ ਵਲੋ ਅਤੇ ਅੱਧੇ ਬਾਪ ਵਲੋਂ ਆਉਦੇ ਹਨ। ਜੀਨਜ਼ ਹੀ ਵਿਰਾਸਤ ਤੇ ਵਿਰਸੇ ਨੂੰ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਲੈ ਜਾਣ ਦਾ ਸਾਧਨ ਹਨ। ਮਾਂ ਅਤੇ ਪਿਉ ਵੱਲੋ ਬੱਚੇ ਨੂੰ ਬੱਝਵੀ ਮਾਤਰਾ ਵਿੱਚ ਕਰੋਮੋਸੋਮਜ਼ ਮਿਲਦੇ ਹਨ ਪ੍ਰੰਤੂ ਫਿਰ ਵੀ ਕੋਈ ਦੋ ਵਿਅਕਤੀ ਇਕ ਦੂਜੇ ਦੀ ਨਕਲ ਨਹੀਂ ਹੁੰਦੇ। ਸਰੀਰਕ ਆਕਾਰ ਵਿੱਚ, ਨਕਸੇ ਵਿੱਚ, ਕੱਦ-ਕਾਠ ਵਿੱਚ ਅਤੇ ਹੋਰ ਅਨੇਕਾਂ ਗੱਲਾਂ ਵਿੱਚ ਅਸੀਂ ਏਕਤਾ ਦੇ ਨਾਲ ਅਨੇਕਤਾ ਵੀ ਰੱਖਦੇ ਹਾਂ।

### 1.3.3 ਵਿਰਾਸਤ ਦੇ ਨਿਯਮ (Laws of Heredity)

**1. ਜਿਹੇ ਮਾਪੇ ਤਿਹੇ ਬੱਚੇ (Like Begets Like):** ਇਸ ਨਿਯਮ ਦੇ ਅਨੁਸਾਰ ਬੱਚੇ ਆਪਣੇ ਮਾਪਿਆਂ ਵਰਗੇ ਹੀ ਹੁੰਦੇ ਹਨ। ਸੁਹਣੇ ਮਾਪਿਆਂ ਦੇ ਸੁਹਣੇ ਬੱਚੇ ਅਤੇ ਕਰੂਪ ਮਾਪਿਆਂ ਦੇ ਬੱਚੇ ਕਰੂਪ। ਤੇਜ਼ ਬੁੱਧੀ ਵਾਲੇ ਮਾਪਿਆਂ ਦੇ ਬੱਚੇ ਤੇਜ਼ ਬੱਧੀ ਵਾਲੇ ਹੁੰਦੇ ਹਨ। ਪਰ ਦੇਖਣ ਵਿੱਚ ਆਉਂਦਾ ਹੈ ਕਿ ਕਈ ਵਾਰ ਅਜਿਹਾ ਵੀ ਨਹੀਂ ਹੁੰਦਾ।

**2. ਵਿਲੱਖਣਤਾ ਦਾ ਨਿਯਮ (Laws of Variability):** ਇਸ ਨਿਯਮ ਦੇ ਅਨੁਸਾਰ ਬੱਚੇ ਆਪਣੇ ਮਾਪਿਆਂ ਦੇ ਨਹੀਂ ਜਾਦੇ। ਉਨ੍ਹਾਂ ਵਿੱਚ ਬਹੁਤ ਅੰਤਰ ਆ ਜਾਂਦਾ ਹੈ। ਇਸ ਅੰਤਰ ਦਾ ਕਾਰਨ ਮਾਪਿਆਂ ਦੇ ਬੀਜ ਕੋਸ਼ਾਂ ਦੀਆਂ ਵਿਸ਼ੇਸ਼ਤਾਵਾਂ ਦੀ ਭਿੰਨਤਾਂ ਭਿੰਨ ਹੋ ਕਾਰਨ ਅਜਿਹੀ ਸੰਤਾਨ ਨੂੰ ਜਨਮ ਦਿੰਦੇ ਹਨ ਜਿਹੜੀ ਆਪਸ ਵਿੱਚ ਭਿੰਨ ਹੁੰਦੀ ਹੈ।

**3. ਪ੍ਰਤੀਗਮਨ ਦਾ ਨਿਯਮ (Laws of Regression):** ਇਸ ਨਿਯਮ ਅਨੁਸਾਰ ਤੇਜ਼ ਬੁੱਧੀ ਵਾਲੇ ਮਾਪਿਆਂ ਦੇ ਬੱਚੇ ਘੱਟ ਵਾਲੇ ਅਤੇ ਬਹੁਤ ਘਟੀਆਂ ਬੁੱਧੀ ਤੋਂ ਘੱਟ ਘਟੀਆਂ ਬੁੱਧੀ ਵਾਲੇ ਬੱਚੇ ਹੋਣ ਦੀ ਪ੍ਰਵਿਰਤੀ ਹੁੰਦੀ ਹੈ। ਬਹੁਤ ਵਾਰ ਅਜਿਹਾ ਵੀ ਹੁੰਦਾ ਹੈ ਕਿ ਬੱਧੀਮਾਨ ਅਤੇ ਸੁਲਝੇ ਹੋਏ ਵਿਆਕਤੀਆਂ ਦੇ ਬੱਚੇ ਉਨ੍ਹਾਂ ਵਰਗੇ ਬੁੱਧੀਮਾਨ ਅਤੇ ਸੁਲਝੇ ਹੋਏ ਨਹੀਂ ਹੁੰਦੇ।ਇਹ ਇਸ ਤਰ੍ਹਾਂ ਦੇ ਨਾਲ ਹੋ ਸਕਦਾ ਹੈ (ੳ) ਜੇ ਬੁੱਧੀਮਾਨ ਬਾਪ ਅਤੇ ਬੁੱਧੀਮਾਨ ਮਾਂ ਦੇ ਉਨ੍ਹਾਂ ਜੀਨਜ਼ ਵਿੱਚੋ ਬੱਚਾ ਪੈਦਾ ਹੋਵੇ ਜੋ ਕਿ ਮਾਂ ਬਾਪ ਵਰਗੇ ਹੀ ਹਨ ਜਾਂ ਬੱਚਾ ਵੀ ਬੁੱਧੀਮਾਨ ਹੀ ਹੋਵੇਗਾ ਪਰ ਜੇ ਉਨ੍ਹਾਂ ਵਿਚਲੇ ਕਿਸੇ ਇਕ ਜਾਂ ਦੂਜੇ ਦੇ ਅਜਿਹੇ ਜੀਨਜ਼ ਤੋਂ ਬੱਚਾ ਪੈਦਾ ਹੋਵੇ ਜੋ ਕਿ ਘਟੀਆਂ ਬੁੱਧੀ ਦੀਆਂ ਵਿਸ਼ੇਸਤਾਵਾ ਰੱਖਦੇ ਹੋਣ ਤਾਂ ਬੱਚਾ ਵੀ ਘਟੀਆਂ ਹੋ ਸਕਦਾ ਹੈ। ਇਸ ਪ੍ਰਕਾਰ ਵਧੀਆਂ ਬੱਧੀ ਵਾਲੇ ਜਾਂ ਫਿਰ ਆਮ ਬੱਧੀ ਵਾਲੇ ਹੀ ਹੋ ਸਕਦੇ ਹਨ। (ਅ) ਕਈ ਵਾਰ ਜੇ ਵਧੀਆਂ ਬੱਧੀਮਾਨ ਵਾਲਾ ਬਾਪ ਘਟੀਆਂ ਬੱਧੀਮਾਨ ਵਾਲੀ ਮਾਂ ਜਾ ਉਸ ਤੋਂ ਉਲਟ ਹੀ ਹੋ ਸਕਦਾ ਹੈ। ਦੋ ਸੰਬੰਧਾਂ ਵਿੱਚ ਬੱਚਾ ਪੈਦਾ ਹੋਵੇ ਤਾ ਉਹ ਵਧੀਆਂ ਬੁੱਧੀਵਾਲਾ ਵੀ ਹੋ ਸਕਦਾ ਹੈ, ਘਟੀਆਂ ਬੁੱਧੀ ਵਾਲਾ ਵੀ ਜਾ ਫਿਰ ਆਮ ਬੁੱਧੀ ਵਾਲਾਂ ਵੀ ਹੋ ਸਕਦਾ ਹੈ।

**ਜਿਹੜੇ ਲੱਛਣ ਵਿਰਸੇ ਵਜੋਂ ਮਿਲਦੇ ਹਨ:** ਉਹ ਸਾਰੇ ਲੱਛਣ ਜਿਹੜੇ ਨਰ ਦੇ ਅੰਸ਼ਾਂ ਵਿੱਚ ਹੁੰਦੇ ਹਨ, ਵਿਰਸੇ ਵਜੋਂ ਮਿਲਦੇ ਹਨ। ਜਿਹੜੇ ਇੰਜ ਹਨ:

1. **ਸਰੀਰਕ ਲੱਛਣ:** ਭੌਤਿਕ ਸਰੀਰ ਦੇ ਸਾਰੇ ਹਿੱਸੇ, ਲੱਤਾਂ, ਹੱਥ, ਸਿਰ, ਚਮੜੀ ਦਾ ਰੰਗ, ਅੱਖਾਂ ਦਾ ਅਤੇ ਵਾਲਾਂ ਦੇ ਰੰਗ, ਕੱਦ-ਕਾਠ, ਉਗਲੀਆਂ ਦੀ ਲੰਬਾਈ ਅਤੇ ਚੌੜਾਈ ਆਦਿ।
2. **ਦਿਮਾਗੀ ਲੱਛਣ:** ਬਿਰਤੀਆਂ, ਬੁੱਧੀ, ਜਜ਼ਬਾਤੀ ਸਥਿਰਤਾ, ਯਾਦ ਦਾਸ਼ਤ, ਸੂਖਮ ਵਿਚਾਰ, ਤਰਕ ਸ਼ਕਤੀ, ਨਿਰਣਾ ਆਦਿ।
3. **ਬਿਮਾਰੀ:** ਕੁਝ ਬਿਮਾਰੀਆਂ ਜਿਵੇ ਕੈਸਰ,ਤਪਦਿਕ, ਮਾਨਸਿਕ ਰੋਗ, ਪਿਸ਼ਾਬ ਵਿੱਚ ਸ਼ਕਰ ਆਉਣਾ, ਅੰਧਰਾਤਾ ਵੀ ਵਿਰਸੇ ਵਿੱਚ ਮਿਲਦੀਆਂ ਹਨ। ਭਾਵੇਂ ਵਿਰਸਾ ਸਾਨੂੰ ਕੁਝ ਸਰੀਰਕ ਅਤੇ ਮਾਨਸਿਕ ਸੰਭਾਵਨਾਵਾਂ

ਪ੍ਰਦਾਨ ਕਰਦਾ ਹੈ ਪਰ ਵਿਰਸਾ ਆਪਣੇ ਆਪ ਵਿੱਚ ਪੂਰਾ ਨਹੀਂ ਹੁੰਦਾ। ਇਸ ਦੇ ਪੂਰਾ ਹੋਣ ਲਈ ਵਾਤਾਵਰਣ ਦੇ ਸੁਖਾਵੇਂ ਹੋਣ ਦੀ ਲੋੜ ਹੈ।

### 1.3.4 ਵਾਤਾਵਰਣ ਦਾ ਅਰਥ (Meaning of Environment)

ਵਾਤਾਵਰਣ ਤੋਂ ਭਾਵ ਕਿਸੇ ਵਿਆਕਤੀ ਦੇ ਆਲੇ ਦੁਆਲੇ ਤੋਂ ਹੁੰਦਾ ਹੈ। ਡਗਲਜ ਤੇ ਹਾਲੈਂਡ ਦਾ ਵਿਚਾਰ ਹੈ ਕਿ ਵਾਤਾਵਰਣ ਤੋ ਭਾਵ ਹੁੰਦਾ ਹੈ ਉਹ ਸਾਰੀਆਂ ਬਾਹਰਲੀਆਂ ਸ਼ਰਤਾਂ ਤੇ ਆਲਾ-ਦੁਆਲਾ, ਜਿਹੜਾ ਮਨੁੱਖੀ ਜੀਵਨ, ਉਸ ਦੀ ਬਣਤਰ, ਓਸ ਦੇ ਆਧਾਰ, ਉਸ ਦੇ ਵਖਰੇਵੇਂ ਅਤੇ ਉਸਦੇ ਵਿਕਾਸ ਦੇ ਪਰਪਕਤਾ ਤੇ ਪ੍ਰਭਾਵ ਪਾਉਂਦਾ ਹੈ। ਗਲ ਤਾ ਇਹ ਹੈ ਕਿ ਮਾਨਸਿਕ, ਨੈਤਿਕ ਅਤੇ ਰੂਹਾਨੀ ਆਲੇ-ਦੁਆਲੇ ਨੂੰ ਵਾਤਾਵਰਨ ਕਿਹਾ ਜਾਂਦਾ ਹੈ। ਵਾਤਾਵਰਨ ਤੋ ਭਾਵ ਸਾਰੇ ਹਾਲਾਤਾ ਹਨ ਜੋ ਬੱਚੇ ਦੇ ਜਨਮ ਤੋ ਲੈ ਕੇ ਮੌਤ ਤੱਕ ਆਪਣਾ ਪ੍ਰਭਾਵ ਪਾਉਦੇ ਹਨ। ਜੀਵਨ ਦਾ ਆਰੰਭ ਨਰ ਅੰਸ ਅਤੇ ਨਾਰ ਅੰਸ਼ ਦੇ ਸੁਮੇਲ ਨਾਲ ਹੁੰਦਾ ਹੈ। ਪਰ ਵਾਤਾਵਰਨ ਵਿੱਚ ਉਹ ਸਭ ਕੁਝ ਸ਼ਾਮਲ ਹੈ ਜੋ ਸਾਡੇ ਜ਼ੀਨਜ਼ ਨੂੰ ਛੱਡ ਕੇ ਸਾਰੀ ਸਰੀਰਕ ਸਮੱਗਰੀ ਅਤੇ ਸਰੀਰਕ ਕੌਸ਼ਾਣੂਆਂ ਤੇ ਪ੍ਰਭਾਵ ਪਾਉਂਦਾ ਹੈ। ਜੀਨਜ਼ ਵਿਵਹਾਰ ਦੀ ਜੰਤਰ ਕਲਾ ਨੂੰ ਹਰਕਤ ਵਿੱਚ ਲਾਉਦਾ ਹੈ। ਅਣ-ਲੋੜੀਦੀ ਅਦਲਾ-ਬਦਲੀ ਦੇ ਬਹੁਤ ਸਾਰੇ ਅੰਸ ਸਾਡੇ ਵਾਤਾਵਰਣ ਅਤੇ ਮਹੌਲ ਵਿੱਚ ਮਿਲਦੇ ਹਨ। ਕੋਈ ਵੀ ਤਬਦੀਲੀ ਜਾਂ ਭੋਤਿਕ ਸ਼ਕਤੀ ਜਿਹੜੀ ਬੱਚੇ ਦੇ ਵਿਕਾਸ ਦੇ ਵਿੱਚ ਕੋਈ ਮਹੱਤਤਾ ਦੇਣ ਜਾਂ ਕਮਜ਼ੋਰੀ ਲਿਆਉਣ ਦਾ ਪ੍ਰਭਾਵ ਰੱਖਦੀ ਹੈ ਉਹ ਵਾਤਾਵਰਣ ਵਿੱਚੋਂ ਹੀ ਆਉਦੀ ਹੈ।

### 1.3.5 ਵਾਤਵਰਣ ਦੇ ਪ੍ਰਕਾਰ (Types of Environment)

ਵਾਤਾਵਰਣ ਤਿੰਨ ਪ੍ਰਕਾਰ ਦਾ ਹੋ ਸਕਦਾ ਹੈ:

1. ਭੋਤਿਕ ਜਾਂ ਭੂਗੋਲਿਕ ਵਾਤਾਵਰਣ. 2. ਸਮਾਜਿਕ ਵਾਤਾਵਰਣ ਅਤੇ 3. ਨੈਤਿਕ ਵਾਤਾਵਰਣ।

**1. ਭੋਤਿਕ ਜਾਂ ਭੂਗੋਲਿਕ ਵਾਤਾਵਰਣ:** ਇਸ ਵਿੱਚ ਖੁਰਾਕ, ਤਾਪਕ੍ਰਮ, ਪੋਣ ਪਾਣੀ, ਘਰ, ਸਕੂਲ, ਵਸਤਰ ਆਦਿ ਵਸਤੂਆਂ ਸ਼ਾਮਲ ਹਨ। ਇਹ ਸਾਰੇ ਦੇ ਸਾਰੇ ਬੱਚੇ ਦੀ ਬਣਤਰ ਤੇ ਅਸਰ ਪਾਉਂਦੇ ਹਨ- ਅਜਿਹਾ ਉਹ ਅਲੱਗ ਅਲੱਗ ਵੀ ਕਰਦੇ ਹਨ ਅਤੇ ਸਮੂਹਿਕ ਤੌਰ ਤੇ ਵੀ ਕਰਦੇ ਹਨ।

**2. ਸਮਾਜਿਕ ਵਾਤਾਵਰਣ:** ਇਸ ਵਿੱਚ ਵਿਅਕਤੀ ਅਤੇ ਸੰਸਥਾਵਾਂ, ਕਾਨੂੰਨ, ਰਸਮੋ ਰਿਵਾਜ, ਰਿਸ਼ਤੇਦਾਰ, ਖੇਡ ਅਤੇ ਸਾਥੀ ਆਦਿ ਸ਼ਾਮਲ ਹਨ ਜਿਨ੍ਹਾਂ ਵਿਅਕਤੀ ਅਪਣੇ ਪਰਸਪਰ ਵਿਰਸੇ ਵਿੱਚ ਨਿਯਮਤ ਕਰਦੇ ਹਨ। ਇਯ ਵਿੱਚ ਸਮਾਜਿਕ ਵਿਰਸਾ ਵੀ ਸ਼ਾਮਿਲ ਹੁੰਦਾ ਹੈ। ਸਮਾਜਿਕ ਵਿਰਸੇ ਵਿੱਚ ਪੁਰਾਤਨ ਸਭਿਆਚਾਰ ਸ਼ਾਮਲ ਹੁੰਦਾ ਹੈ। ਸਭਿਆਚਾਰ ਪਰੰਪਰਾ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿੱਚ ਜਾਂਦੀ ਹੈ। ਪਰ ਅਜਿਹਾ ਬਾਪ ਦੇ ਜਨਮ ਕੀਟਾਣੂਆਂ ਜਾਂ ਮਾਂ ਦੇ ਉਵਮ ਵਿੱਚ ਨਹੀਂ ਹੁੰਦਾ, ਸਗੋਂ ਫਸਸਫ਼ਾ, ਰਸਮਾਂ ਅਤੇ ਰਿਵਾਜ਼ਾਂ, ਸਾਹਿਤ ਆਦਿ ਰਾਹੀਂ ਹੁੰਦਾ ਹੈ। ਕਿਸੇ ਵੀ ਕਿਸਮ ਦੇ ਲੋਕਾਂ ਦਾ ਵਿਰਸਾ ਉਸ ਦੇ ਮਾਣ ਦਾ ਪਾਤਰ ਹੁੰਦਾ ਹੈ। ਕੋਈ ਵੀ ਮਨੁੱਖੀ ਨਸਲ ਸਭ ਸਮਾਜਿਕ ਵਿਰਸੇ ਵਿੱਚ ਲੱਭਦੀ ਹੈ ਅਤੇ ਇਹ ਉਨ੍ਹਾਂ ਲੋਕਾਂ ਦੇ ਜੀਨਜ਼ ਨੂੰ ਉਨ੍ਹਾਂ ਦੇ ਮੁਤਾਬਿਕ ਹੀ ਢਾਲਦਾ ਹੈ। ਕੋਈ ਵੀ ਨਵੀ ਪੀੜ੍ਹੀ ਆਪਣੇ ਪੁਰਾਣਾ ਸਭਿਆਚਾਰ ਦੇ ਵਿੱਚ ਵਾਧਾ ਜ਼ਰੂਰੀ ਕਰਦੀ ਹੈ ਕਿ ਉਹ ਪੜ੍ਹਾਉਣ ਲੱਗਿਆਂ ਸਭਿਆਚਾਰ ਵਾਤਾਵਰਣ ਦੇ ਅਨੁਕੂਲ ਆਪਣੀ ਯੋਜਨਾਂ ਨੂੰ ਢਾਲੇ। ਉਸ ਨੂੰ ਆਪਣੀ ਵਿਸ਼ਾ, ਆਪਣੀ ਕਵਿਤਾ ਅਤੇ ਆਪਣੇ ਲੋਕ ਗੀਤ ਪੜ੍ਹਾਉਣੇ ਚਾਹੀਦੇ ਹਨ। ਅਜਿਹਾ ਕਰਦਿਆਂ ਹੋਇਆ ਉਨ੍ਹਾਂ ਨੂੰ ਸਿਰਫ ਗਿਆਨ ਹੀ ਨਹੀਂ ਦੇਣਾ ਚਾਹੀਦਾ ਸਗੋਂ ਸਮਾਜਿਕ ਵਾਤਾਵਰਣ ਬਾਰੇ ਪੀੜ੍ਹੀ ਨੂੰ ਦੱਸਣਾ ਚਾਹੀਦਾ ਹੈ।

**3. ਨੈਤਿਕ ਵਾਤਾਵਰਣ:** ਇਸ ਵਿੱਚ ਵਿਅਕਤੀ ਦੀ ਆਤਮਾ ਹੁੰਦੀ ਹੈ ਅਤੇ ਇਸ ਪ੍ਰਤੀ ਵਿਅਕਤੀ ਨੂੰ ਪ੍ਰਤੀਕਿਰਿਆ ਕਰਨੀ ਪੈਦੀ ਹੈ। ਇਸ ਨਾਲ ਨਿਰਬਾਹ ਅਤੇ ਸਮਾਯੋਜਨ ਕਰਨਾ ਉਸ ਨੂੰ ਸਿੱਖਣਾ ਪੈਦਾ ਹੈ। ਆਮ ਕਰਕੇ ਉਸ ਦਾ ਧਰਮ, ਮੰਦਰ, ਗੁਰੂਦੁਆਰਾ, ਮਸਜਿਦ ਅਤੇ ਗਿਰਜੇ ਨਾਲ ਵੀ ਸੰਬੰਧ ਹੁੰਦਾ ਹੈ। ਇਹ ਸਥਾਨ ਜੋ ਠੀਕ ਤਰ੍ਹਾਂ ਨਾਲ ਸਮਝੇ ਤੇ ਜਾਂ ਫਿਰ ਇਨ੍ਹਾਂ ਦਾ ਠੀਕ ਪ੍ਰਭਾਵ ਪਵੇ ਤਾਂ ਬੱਚੇ ਦੀ ਆਤਮਾ ਦਾ ਵਿਕਾਸ ਹੁੰਦਾ ਹੈ।

## 1.3.6 ਵਿਰਾਸਤ ਅਤੇ ਵਾਤਾਵਰਨ ਦਾ ਵਾਧੇ ਤੇ ਵਿਕਾਸ ਉੱਪਰ ਪ੍ਰਭਾਵ (Influence of Heredity & Environment on growth and development):

ਬਹੁਤ ਵਾਰ ਸਾਨੂੰ ਅਜਿਹੇ ਸੁਸਤ ਬੱਚੇ ਮਿਲਦੇ ਹਨ ਜਿਨ੍ਹਾਂ ਦੇ ਮਾਪੇ ਬਹੁਤ ਚੁਸਤ ਅਤੇ ਬੁੱਧੀਮਾਨ ਹੁੰਦੇ ਹਨ। ਇਸ ਵਾਰ ਵੀ ਕਈ ਵਾਰ ਸਾਡਾ ਸਾਹਮਣਾ ਚੁਸਤ ਅਤੇ ਬੁੱਧੀਮਾਨ ਵਿਦਿਆਰਥੀਆਂ ਨਾਲ ਹੁੰਦਾ ਹੈ ਜਿਨ੍ਹਾਂ ਦੇ ਮਾਪੇ ਸੁਸਤ ਹੁੰਦੇ ਹਨ। ਸਾਨੂੰ ਹੈਰਾਨੀ ਇਸ ਲਈ ਹੁੰਦੀ ਹੈ ਕਿ ਸਾਡਾ ਵਤੀਰਾ ਅਜਿਹਾ ਬਣਿਆ ਹੋਇਆ ਹੈ ਕਿ ਆਮ ਕਾਰਕੇ ਬੱਚੇ ਮਾਪਿਆਂ ਵਾਗ ਹੀ ਹੁੰਦੇ ਹਨ। ਇਸ ਵਤੀਰੇ ਦੇ ਕਈ ਕਾਰਨ ਹੋ ਸਕਦੇ ਹਨ। ਇਕ ਕਾਰਨ ਤਾ ਇਹ ਹੋ ਸਕਦਾ ਹੈ ਕਿ ਸਾਡਾ ਸਮਾਜ ਜਾਤ ਪਾਤ ਵਿਚ ਵਿਵਸਵਸ ਕਰਦਾ ਹੈ ਜਿਸ ਕਾਰਨ ਅਸੀ ਵਿਰਾਸਤ ਤੇ ਵਧੇਰੇ ਜੋਰ ਦਿਦੇ ਹਾਂ। ਇਹ ਵੀ ਤਾਂ ਹੋ ਸਕਦਾ ਹੈ ਕਿਉਂਕਿ ਆਪ ਕਰਕੇ ਚੰਗੇ ਘਰਾਂ ਦੇ ਬੱਚਿਆਂ ਦਾ ਵਤੀਰਾ ਵੀ ਚੰਗਾ ਹੁੰਦਾ ਹੈ। ਇਸ ਦਾ ਕਾਰਨ ਘਰ ਦੇ ਵਿੱਚ ਵਾਤਾਵਰਣ ਹੋ ਸਕਦਾ ਹੈ। ਉਥੇ ਇਹ ਧਾਰਨਾ ਵਾਤਾਵਰਣ ਤੇ ਆਧਾਰ ਤੇ ਬਣ ਸਕਦੀ ਹੈ। ਅਜਿਹੇ ਹਾਲਾਤ ਸਾਨੂੰ ਇਕ ਕਠਨਾਈ ਵਿੱਚ ਪਾ ਦਿੰਦੇ ਹਨ ਕਿਉਂਕਿ ਸਾਡੇ ਸਾਹਮਣੇ ਇਹ ਪ੍ਰਸ਼ਨ ਉਘੜ ਕੇ ਆ ਜਾਂਦਾ ਹੈ ਕਿ ਸਾਡੇ ਵਿਆਕਤਿਤਵ ਦੀ ਉਸਾਰੀ ਵਿਚ ਵਧੇਰੇ ਹੱਥ ਵਿਰਾਸਤ ਦਾ ਹੈ ਜਾ ਫਿਰ ਵਾਤਾਵਰਣ ਦਾ। ਇਹ ਮਸਲਾ ਸਾਨੂੰ ਇਕ ਗੁੰਝਲ ਵਿੱਚ ਪਾ ਦਿੰਦਾ ਹੈ। ਇਹ ਗੁਝਲ ਹੋਰ ਵੀ ਵੱਡੀ ਹੋ ਜਾਦੀ ਹੈ ਜਦੋਂ ਅਸੀ ਬੱਚਿਆਂ ਦੀ ਸਿੱਖਿਆਂ ਦਾ ਪ੍ਰਬੰਧ ਕਰਨਾ ਚਾਹੁੰਦੇ ਹਾਂ। ਸਾਡੇ ਸਾਹਮਣੇ ਇਹ ਗੁੱਲ ਸਪੱਸਟ ਰੂਪ ਵਿੱਚ ਆਉਣੀ ਚਾਹੀਦੀ ਹੈ ਕਿ ਸੁਸਤ ਮਾਪਿਆ ਦੇ ਬੱਚੇ ਚੁਸਤ ਕਿਉ ਹੁੰਦੇ ਹਨ ਇਸੇ ਪ੍ਰਕਾਰ ਇਸ ਦੇ ਉਲਟ ਕਿਉ ਹੁੰਦਾ ਹੈ? ਅਸਲ ਗਲ ਇਹ ਹੈ ਕਿ ਕਿਸੇ ਵਿਆਕਤੀ ਦੇ ਵਿਕਾਸ ਲਈ ਵਿਰਾਸਤ ਅਤੇ ਵਾਤਾਵਰਣ ਦੋਹਾ ਦਾ ਹੱਥ ਹੁੰਦਾ ਹੈ। ਕਈ ਹਲਾਂਤਾ ਵਿੱਚ ਵਾਤਾਵਰਣ ਜਿਆਦਾ ਜੋਰਦਾਰ ਹੁੰਦਾ ਹੈ। ਇਸ ਤਰਾਂ ਨਾਲ ਕਿ ਇਕ ਹੋਰ ਪੁੱਤਰ ਸਾਧੂਆਂ ਦਾ ਮਹਾਤਮਾਵਾਂ ਦੀ ਸੰਗਤ ਕਰਕੇ ਚੰਗਾ ਮਨੁੱਖ ਬਣ ਜਾਂਦਾ ਹੈ। ਇਥੇ ਵਾਤਾਵਰਣ ਬਹੁਤ ਪ੍ਰਧਾਨ ਹੁੰਦਾ ਹੈ। ਪਰ ਜਦੋਂ ਹੋਰ ਦਾ ਪੁੱਤਰ ਚੰਗਾ ਹੀ ਬਣਦਾ ਹੈ ਤਾਂ ਵਿਰਾਸਤ ਦਾ ਪ੍ਰਭਾਵ ਵਧੇਰੇ ਪ੍ਰਤੀਤ ਹੁੰਦਾ ਹੈ । ਵਿਰਾਸਤ ਅਤੇ ਵਾਤਾਵਾਰਣ ਦੋਵੇ ਤੱਤ ਮਨੁੱਖੀ ਸਖ਼ਸੀਅਤਾ ਦੇ ਵਿਕਾਸ ਲਈ ਜ਼ਰੂਰੀ ਹਨ। ਵਿਰਾਸਤ ਸਾਨੂੰ ਮਾਤਾ ਪਿਤਾ ਦੋਹਾ ਨਾਲ ਮਿਲਦੀ ਹੈ। ਇਹ ਮਾਤਾ ਦੀ ਆਪਣੀ ਔਲਾਦ ਨੂੰ ਇਕ ਦੇਣ ਹੁੰਦੀ ਹੈ। ਪਰ ਮਨੁੱਖ ਆਪਣੇ ਆਲੇ ਦੁਆਲੇ ਤੋ ਵੀ ਬਹੁਤ ਕੁਝ ਗ੍ਰਹਿਣ ਕਰਦਾ ਹੈ। ਜੋ ਕੁਝ ਕੋਈ ਮਨੁੱਖ ਕਿਸੇ ਵਕਤ ਹੁੰਦਾ ਹੈ, ਉਸ ਦੇ ਬਣਨ ਵਿੱਚ ਵਾਤਾਵਰਣ ਦਾ ਬਹੁਤ ਭਾਰੀ ਹੱਥ ਹੈ। ਲਗਭਗ ਸਾਰੇ ਮਨੋਵਿਗਿਆਨਕ ਦਿਸ੍ਰਟੀਕੋਣਾ ਵਿੱਚ ਵਾਤਾਵਰਣ ਅਤੇ ਵਿਰਾਸਤ ਦੋਹਾ ਬਾਰੇ ਸਹਿਮਤੀ ਮਿਲਦੀ ਹੈ। ਇਸ ਗਲ ਬਾਰੇ ਅਸਹਿਮਤੀ ਹੈ ਕਿ ਮਨੁੱਖ ਵਿਵਹਾਰ ਪਿੱਛੇ ਵਧੇਰੇ ਹੱਥ ਵਿਰਾਸਤ ਦਾ ਹੁੰਦਾ ਹੈ ਜਾਂ ਵਾਤਾਵਰਣ ਦਾ।

## 1.3.7 ਵਿਰਾਸਤ ਅਤੇ ਵਾਤਾਵਰਣ ਦੀ ਮਹੱਤਤਾ (Relative Importance of Heredity and Environment):

ਇਸ ਵਿੱਚ ਕਿਸੇ ਪ੍ਰਕਾਰ ਦਾ ਸੰਦੇਹ ਨਹੀਂ ਹੈ ਕਿ ਦੋਹਾ ਵਿਰਾਸਤ ਅਤੇ ਵਾਤਾਵਰਣ ਦਾ ਆਪਣਾ ਆਪਣਾ ਮਹੱਤਵ ਹੁੰਦਾ ਹੈ। ਇਹ ਦੋਵੇ ਹੀ ਕਿਸੇ ਵਿਅਕਤੀ ਨੂੰ ਬਣਾਉਣ ਵਿੱਚ ਸਹਾਈ ਹੁੰਦੇ ਹਨ। ਮਤਭੇਦ ਸਿਰਫ਼ ਇਸ ਗਲ ਤੇ ਹੁੰਦਾ ਹੈ ਕਿ ਦੋਹਾਂ ਵਿੱਚ ਕਿਸ ਦਾ ਕਿੰਨਾ ਪ੍ਰਭਾਵ ਪੈਂਦਾ ਹੈ। ਵਿਰਾਸਤ ਪੱਖੀ ਵਿਰਸੇ ਦੀ ਮਹੱਤਤਾ ਤੇ ਜ਼ੋਰ ਦਿੰਦੇ ਹਨ, ਉਹ ਕਹਿੰਦੇ ਹਨ ਕਿ ਬੱਚੇ ਦੇ ਵਿਕਾਸ ਵਿੱਚ ਵਿਰਸੇ ਦਾ ਮੁੱਖ ਸਥਾਨ ਹੈ, ਬੱਚਾ ਕੀ ਹੈ ਅਤੇ ਉਸ ਨੇ ਕੀ ਬਣਨਾ ਹੈ? ਇਹ ਸੁਰੂ ਤੋਂ ਹੀ ਨਿਸ਼ਚਿਤ ਹੁੰਦਾ ਹੈ। ਵਾਤਾਵਰਣ ਪੱਖੀਆਂ ਦਾ ਕਹਿਣਾ ਹੈ ਕਿ ਵਿਅਕਤੀਗਤ ਵਿਕਾਸ ਲਈ ਵਾਤਾਵਰਣ ਹੀ ਸੁਭ ਕੁਝ ਹੈ। ਵੱਡੇ ਵੱਡੇ ਮਨੋਵਿਗਿਆਨੀਆਂ ਦੇ ਵਿਰਸੇ ਅਤੇ ਵਾਤਾਵਰਣ ਦੇ ਚੰਗੇ ਰੋਲ ਨੂੰ ਨਿਸਚਿਤ ਕਰਨ ਲਈ ਵੱਖ ਵੱਖ ਅਧਿਐਨ ਕੀਤੇ ਹਨ।

### ਵਿਰਸੇ ਪੱਖੀਆਂ ਦਾ ਵਿਚਾਰ

ਵਿਗਿਆਨੀਆਂ ਨੇ ਅਲੱਗ ਅਲੱਗ ਅਧਿਐਨ ਕੀਤੇ ਹਨ ਜਿਸ ਰਾਹੀਂ ਸਿੱਧ ਕੀਤਾ ਹੈ ਕਿ ਮਨੁੱਖੀ ਵਿਕਾਸ ਦੇ ਵਿਚ ਵਿਰਸੇ ਦਾ ਬਹੁਤ ਵੱਡਾ ਹੱਥ ਹੈ, ਜਿਵੇਂ ਕਿ:

1. **ਪਰਿਵਾਰਕ ਇਤਿਹਾਸ:** ਫਰਾਂਸੀਸ ਗਾਲਟਨ ਨੇ 1869 ਈ. ਵਿਚ 300 ਅੰਗੇਜ਼ ਪਰਿਵਾਰਾਂ ਨਾਲ ਸੰਬੰਧਿਤ ਵਿਅਕਤੀਆਂ ਬਾਰੇ ਵੇਰਵਾਂ ਇਕੱਤਰ ਕੀਤਾ ਅਤੇ ਸਿੱਧ ਕੀਤਾ ਕਿ ਪ੍ਰਸਿੱਧੀ ਦਾ ਗੁਣ ਪਰਿਵਾਰਾਂ ਵਿੱਚ ਤੁਰੇ ਆਉਣ ਦੀ ਪ੍ਰਵਿਰਤੀ ਰੱਖਦਾ ਹੈ। ਪ੍ਰਸਿੱਧ ਵੈਜਵੁੱਡ ਗਾਲਟਨ-ਡਾਰਵਿਨ ਪਰਿਵਾਰਾਂ ਨੇ ਬਰਤਾਨੀਆਂ ਨੂੰ ਬਹੁਤ ਸਾਰੇ ਪ੍ਰਸਿੱਧ ਵਿਗਿਆਨੀ ਦਿੱਤੇ।

ਦੂਜੇ ਪਾਸੇ ਗੈਡਾਰਡ ਨੇ 1914 ਵਿਚ ਕਾਲਿਕਾਕਸ ਪਰਿਵਾਰਾਂ ਦਾ ਅਧਿਐਨ ਕੀਤਾ। ਮਾਰਟਨ ਕਾਲਕਕ ਨੇ ਇਕ ਐਸੀ ਲੜਕੀ ਨਾਲ ਸ਼ਾਦੀ ਕੀਤੀ ਜੋ ਬਹੁਤ ਖਰ ਦਿਮਾਗ ਸੀ। ਉਸ ਦੇ ਲਗਭਗ ਪੰਜ ਪ੍ਰੀੜੀਆਂ ਵਿੱਚ 480 ਬੱਚੇ ਪੈਦਾ ਹੋਏ। ਇਨ੍ਹਾਂ ਵਿੱਚੋਂ 143 ਖਰ ਦਿਮਾਗੀ, 291 ਲਗਭਗ ਅਸਾਧਾਰਨ ਅਤੇ 46 ਸਧਾਰਨ ਸਨ। ਫੇਰ ਮਾਰਟਨ ਨੇ ਦੂਜੀ ਸ਼ਾਦੀ ਕੀਤੀ ਜੋ ਚੰਗੇ ਘਰਾਣੇ ਨਾਲ ਸੰਬੰਧੀ ਰੱਖਦੀ ਸੀ। ਇਸ ਸ਼ਾਦੀ ਤੋਂ ਪੈਦਾ ਹੋਏ ਪਤਰੇ, ਪੜਪੋਤਰੇ 496 ਸਨ। ਇਨ੍ਹਾਂ ਦਾ ਅਧਿਐਨ ਕੀਤਾ ਤਾਂ ਇਹ ਦੇਖਿਆਂ ਕਿ ਇਨ੍ਹਾਂ ਵਿੱਚੋਂ ਦੋ ਨੂੰ ਛੱਡ ਕੇ ਸਾਰੇ ਸਾਧਾਰਨ ਜਾਂ ਉੱਚੀ ਬੁੱਧੀ ਵਾਲੇ ਸਨ। ਕੋਈ ਗਵਰਨਰ, ਵਕੀਲ, ਡਾਕਟਰ, ਅਧਿਆਪਕ ਅਤੇ ਵਪਾਰੀ ਬਣਿਆ। ਇੱਕ ਬਾਪ ਦੇ ਦੋ ਵੱਖ ਵੱਖ ਕਿਸਮਾਂ ਦੀਆਂ ਮਾਵਾਂ ਦਾ ਤੁਲਨਾਤਕ ਅਧਿਐਨ ਇਹ ਸਪਸ਼ਟ ਕਰਦਾ ਹੈ ਕਿ ਵਿਰਾਸਤ ਦੀ ਕਾਫੀ ਮਹੱਤਤਾ ਹੈ।

2. **ਜੌੜਿਆਂ ਦਾ ਅਧਿਐਨ:** ਜੋੜੇ ਦੋ ਪ੍ਰਕਾਰ ਦੇ ਹੁੰਦੇ ਹਨ: ਸਰੂਪ ਅਤੇ ਭਰਾਤਰੀ। ਸਮਰੂਪ ਇਕ ਹੀ ਸੈੱਲ ਤੋਂ ਪੈਦਾ ਹੁੰਦੇ ਹਨ। ਇੁਨਾਂ ਦਾ ਲਿੰਗ ਵੀ ਇੱਕ ਹੀ ਹੁੰਦਾ ਹੈ। ਭਰਾਤਰੀ ਜੋੜੇ ਦੋ ਵੱਖ ਵੱਖ ਸੈਲਾਂ ਵਿੱਚ ਪੈਂਦਾ ਹੁੰਦੇ ਹਨ। ਇਨ੍ਹਾਂ ਦਾ ਲਿੰਗ ਇਕ ਵੀ ਹੋ ਸਕਦਾ ਹੈ ਅਤੇ ਵੱਖਰਾਂ ਵੀ। ਰਨਲਾਈਕ ਨੇ ਸਮਰੂਪ ਜੋੜਿਆਂ ਦੇ 50

ਜੋੜਿਆਂ ਦਾ ਅਧਿਐਨ ਕੀਤਾ। ਉਨ੍ਹਾਂ ਦੀ ਵੱਖ ਵੱਖ ਵਾਤਾਵਰਣ ਵਿੱਚ ਪਾਲਣਾਂ ਹੋਈ ਪਰ ਉਨ੍ਹਾਂ ਦੇ ਵਿਕਾਸ ਵਿੱਚ ਕੋਈ ਖਾਸ ਫਰਕ ਨਹੀਂ ਸੀ। ਵਿਰਾਸਤ ਨੇ ਹੀ ਉਨ੍ਹਾਂ ਦੇ ਵਿਕਾਸ ਉੱਤੇ ਆਪਣਾ ਪ੍ਰਭਾਵ ਪਾਇਆਂ ਜਾਪਦਾ ਹੈ।

3. **ਚੋਣਵੀਆਂ ਨਸਲਾਂ ਦਾ ਪ੍ਰਯੋਗ:** ਵਿਰਸੇ ਦਾ ਪ੍ਰਭਾਵ ਜਾਣਨ ਲਈ ਚੂਹਿਆਂ ਦੇ ਪ੍ਰਯੋਗ ਕੀਤੇ ਜਾਂਦੇ ਹਨ। ਇੱਕ ਤਜਰਬੇ ਵਿੱਚ 142 ਚੂਹਿਆਂ ਨੂੰ ਇਕ ਗੋਰਖ ਧੰਦੇ ਅਤੇ ਭੁੱਲ- ਭੁਲੱਈਆਂ ਦੇ ਥੰਮ ਵਿਚ ਪਾ ਕੇ ਹਰ ਚੂਹੇ ਨੂੰ 18 ਮੌਕੇ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਗਲਤੀਆਂ ਨੂੰ ਅਨੁਮਾਨ ਲਗਾਇਆ। ਉਨ੍ਹਾਂ ਨੇ ਘੱਟ ਤੋਂ ਘੱਟ 7 ਅਤੇ ਵੱਧ ਤੋਂ ਵੱਧ 214 ਗਲਤੀਆਂ ਕੀਤੀਆਂ। ਗਲਤੀਆਂ ਦੇ ਆਧਾਰ ਤੇ ਦੋ ਗਰੁੱਪ ਤਿਆਰ ਕੀਤੇ ਗਏ। ਇਕ ਤੇਜ਼ ਬੁੱਧੀ ਵਾਲਾ ਅਤੇ ਦੂਜਾ ਮੱਟੀ ਬੁੱਧੀ ਵਾਲਾ। ਸੱਤ ਪੀੜ੍ਹੀਆਂ ਤੱਕ ਅਧਿਐਨ ਕੀਤਾ ਗਿਆ। ਦੋਹਾਂ ਗਰੁੱਪਾਂ ਦੀਆਂ ਗਲਤੀਆਂ ਦਾ ਦ੍ਰਿਸ਼ਟੀਕੋਣ ਇੱਕ ਦੂਜੇ ਤੋਂ ਬਹੁਤ ਭਿੰਨ ਸਨ।

ਹਰ ਰੋਜ਼ ਤਜਰਬੇ ਤੋਂ ਦੇਖਣ ਵਿੱਚ ਆਉਦਾ ਹੈ ਕਿ ਹੁਸ਼ਿਆਰ ਮਾਪਿਆਂ ਦੇ ਬੱਚੇ ਹੁਸ਼ਿਆਰ ਹੀ ਨਿਕਲਦੇ ਹਨ। ਜਿਵੇ ਮੋਤੀ ਲਾਲ ਨਹਿਰੂ, ਜਵਾਰਹ ਲਾਲ ਨਹਿਰੂ, ਇੰਦਰਾ ਗਾਂਧੀ, ਰਾਜੀਵ ਗਾਂਧੀ, ਰਾਹੁਲ ਗਾਧੀ। ਇਸ ਲੜੀ ਤੋਂ ਵੀ ਪਤਾ ਲੱਗਦਾ ਹੈ ਕਿ ਬੰਸਾਵਲੀ ਦਾ ਆਪਣਾ ਮਹੱਤਵ ਹੈ। ਉਪਰਲੇ ਸਾਰੇ ਅਧਿਐਨ ਵਿੱਚ ਸਪੱਸ਼ਟ ਹੁੰਦਾ ਹੈ ਕਿ ਬੰਸਾਵਲੀ ਦੀਆਂ ਸ਼ਕਤੀਆਂ ਕਾਫੀ ਤਕੜੀਆਂ ਹਨ। ਉਹ ਬੱਚੇ ਨੂੰ ਉਹ ਕੁਝ ਬਣਾ ਦਿੰਦੀਆਂ ਹਨ ਜੋ ਵਿਰਾਸਤ ਬਣਾਉਣਾ ਚਾਹੰਦੀ ਹੈ।

## 1.3.8 ਵਾਤਾਵਰਣ ਪੱਖੀਆਂ ਦਾ ਵਿਚਾਰ

ਵਿਅਕਤੀ ਦੇ ਵਿਕਾਸ ਦੇ ਵਿੱਚ ਜੇਕਰ ਵਾਤਾਵਰਣ ਦਾ ਹੱਥ ਹੈ ਤਾਂ ਵਾਤਾਵਰਣ ਦੇ ਪ੍ਰਭਾਵ ਨੂੰ ਅੱਖੋ ਉਹਲੇ ਨਹੀਂ ਕੀਤਾ ਜਾਂ ਸਕਦਾ। ਅਸਲ ਵਿੱਚ ਗਲ ਇਹ ਹੈ ਕਿ ਆਲੇ ਦੁਆਲੇ ਦਾ ਸਮਾਜਿਕ, ਮਾਨਸਿਕ, ਨੈਤਿਕ ਅਤੇ ਸਭਿਆਚਾਰਕ ਪੱਖ ਤੋਂ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਇਹ ਹੀ ਕਾਰਨ ਹੈ ਕਿ ਸਿੱਖਿਆਂ ਦੇ ਖੇਤਰ ਵਿੱਚ ਆਲੇ-ਦੁਆਲੇ ਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ। ਮੂਲ ਰੂਪ ਵਿੱਚ ਸਾਰੀ ਸਿੱਖਿਆਂ ਦਾ ਮਨੋਰਥ ਹੀ ਆਲੇ ਦੁਆਲੇ ਨੂੰ ਸੁਖਾਵਾਂ ਬਣਾਉਂਦਾ ਹੁੰਦਾ ਹੈ। ਹੇਠ ਲਿਖੇ ਅਧਿਐਨ ਤੋਂ ਅਸੀਂ ਵਾਤਾਵਰਣ ਦੀ ਮਹਾਨਤਾ ਜਾਣ ਸਕਦੇ ਹਾਂ:

**ਆਸਾਧਾਰਣ ਵਾਤਾਵਰਣ ਦੀ ਪ੍ਰਭਾਵ:** ਕਈ ਬੱਚਿਆਂ ਦੀਆਂ ਉਦਾਹਰਣਾਂ ਮਿਲਦੀਆਂ ਹਨ ਜਿਹੜੇ ਜੰਗਲੀ ਜਾਨਵਰਾਂ ਦੇ ਸਾਥ ਵਿੱਚ ਰਹੇ ਅਤੇ ਸਭਿਅਤਾ ਵਿਚ ਲਿਆਦੇ ਗਏ। ਉਨ੍ਹਾਂ ਤੇ ਵਾਤਾਵਰਣ ਦਾ ਬਹੁਤ ਪ੍ਰਭਾਵ ਸੀ।

1. **ਬਘਿਆੜ ਲੜਕੇ ਰਾਮੂ ਦਾ ਕੇਸ:** ਇਹ ਕੇਸ ਬਘਿਆੜ ਲੜਕੇ ਰਾਮੂ ਦਾ ਹੈ। ਉਸ ਨੂੰ ਛੋਟੇ ਹੁੰਦੇ ਬਘਿਆੜ ਚੁਕ ਕੇ ਲੈ ਗਏ। ਉਹ ਬਘਿਆੜਾ ਦੇ ਵਿੱਚ ਰਿਹਾ, ਉਸ ਦੀ ਖਾਣ ਪੀਣ ਦੀਆਂ ਆਦਤਾਂ ਬਘਿਆੜਾਂ ਵਾਲੀਆਂ ਹੀ ਬਣ ਗਈਆਂ। ਉਹ ਸਿੱਧਾ ਨਹੀਂ ਖੜਾ ਹੋ ਸਕਦਾ ਸੀ। ਉਸ ਦੇ ਵਾਲ ਰੁੱਖੇ ਅਤੇ ਨੰਹੁ ਜਾਨਵਰਾਂ ਵਾਂਗ ਸੀ। ਉਹ ਜਾਨਵਰਾਂ ਵਾਗ ਹੀ ਮਾਸ ਖਾਂਦਾ ਸੀ। ਖਿਆਲ ਕੀਤਾ ਜਾਂਦਾ ਸੀ ਕਿ ਉਸ ਨੂੰ ਛੋਟੀ ਉਮਰੇ ਹੀ ਬੁਘਿਆੜ ਚੁੱਕ ਕੇ ਲੈ ਗਿਆ ਸੀ। ਉਸ ਨੂੰ ਹਸਪਤਾਲ ਵਿੱਚ ਰੱਖਿਆਂ ਗਿਆ ਪਰ ਉਹ ਜਿਊਂਦਾ ਨਾ ਰਹਿ ਸਕਿਆ।

2. **ਅਮਲਾ ਕਮਲਾ ਦਾ ਕੇਸ:** ਇਹ ਉਦਾਹਰਣ ਬਘਿਆੜ ਦੇ ਘੁਰਨੇ ਵਿਚ ਮਿਲਿਆਂ ਦੋ ਕੁੜੀਆਂ ਅਮਲਾ ਅਤੇ ਕਮਲਾ ਦੀ ਹੈ। ਉਹ ਆਪਣੀਆਂ ਲੱਤਾਂ ਅਤੇ ਬਾਹਾਂ ਦੇ ਸਹਾਰੇ ਬਹੁਤ ਤੇਜ ਦੋੜਦੀਆਂ ਸਨ ਅਤੇ ਕੱਚਾ ਮਾਸ ਖਾਂਦੀਆਂ ਸਨ। ਛੋਟੀ ਕੁੜੀ ਜਲਦੀ ਮਰ ਗਈ ਅਤੇ ਵੱਡੀ ਨੋਂ ਸਾਲ ਤੱਕ ਜਿਉਂਦੀ ਰਹੀ ਪਰ ਜਾਨਵਰਾਂ ਤੋਂ ਵੱਧ ਕੁਝ ਨਾ ਬਣ ਸਕੀ।

3. **ਕੇਲੋਗ ਦਾ ਪ੍ਰਯੋਗ:** ਇਹ ਪ੍ਰਯੋਗ ਕੇਲੋਗ ਨੇ ਇਕ ਡੋਨਲਡ ਨਾ ਦੇ ਮਨੁੱਖ ਬੱਚੇ ਅਤੇ ਬਨਮਾਨਸ ਦੇ ਬੱਚੇ ਤੇ ਕੀਤਾ। ਦੋਹਾਂ ਨੂੰ ਇਕੱਠਾ ਰੱਖਿਆ ਗਿਆ। ਬਨਮਾਨਸ ਦੀ ਪਾਲਣਾ ਇਕ ਮਨੁੱਖੀ ਬੱਚੇ ਦੀ ਤਰ੍ਹਾਂ ਕੀਤੀ, ਨੌ ਮਹੀਨੇ ਦੇ ਸਮੇਂ ਵਿੱਚ ਉਸ ਨੇ ਚਮਚੇ ਨਾਲ ਖਾਣਾ, ਗਲਾਸ ਨਾਲ ਪਾਣੀ ਪੀਣਾ ਆਦਿ ਸਿੱਖ ਲਿਆ ਅਤੇ 50 ਤੋਂ ਵੱਧ ਸ਼ਬਦ ਅਤੇ ਵਾਕ ਸਮਝਣ ਲੱਗ ਪਿਆ। ਉਸ ਦੇ ਵਿਕਾਸ ਤੇ ਵਾਤਾਵਰਣ ਨੇ ਪ੍ਰਭਾਵ ਪਾਇਆ।

4. **ਹੋਗੇ ਮੱਛੀ ਅਤੇ ਫਰੂਟ ਮੱਛੀ ਦੇ ਉਦਾਹਰਣ:** ਜੇਕਰ ਹੋਗੇ ਮੱਛੀ ਨੂੰ ਅਸਾਧਾਰਨ ਤਾਪਮਾਨ ਵਿੱਚ ਅੰਡੇ ਕੱਢਣ ਲਈ ਰੱਖਿਆਂ ਜਾਵੇ ਤਾਂ ਉਸ ਦੇ ਬੱਚਿਆਂ ਦੀ ਦੋ ਦੀ ਥਾਂ ਇਕ ਅੱਖ ਹੋਵੇਗੀ। ਇਸੇ ਤਰ੍ਹਾਂ ਦੇ ਫਰੂਟ ਮੱਛੀ ਨੂੰ ਅਸਾਧਾਰਣ ਤਾਪਮਾਨ ਵਿੱਚ ਰੱਖ ਕੇ ਬੱਚੇ ਪ੍ਰਾਪਤ ਕੀਤੇ ਜਾਣ ਤਾਂ ਉਨ੍ਹਾਂ ਦੀਆਂ ਛੇ ਦੀ ਥਾਂ ਬਹੁਤ ਸਾਰੀਆਂ ਲੱਤਾਂ ਹੋਣਗੀਆਂ।

**ਅਕਬਰ ਦਾ ਤਜਰਬਾ:** ਅਕਬਰ ਬਾਦਸ਼ਾਹ ਨੇ ਕੁਝ ਬੱਚਿਆਂ ਨੂੰ ਸਮਾਜ ਤੋਂ ਦੂਰ ਗੂੰਗੀਆਂ ਨਰਸਾਂ ਦੀ ਦੇਖਭਾਲ ਹੇਠ ਰੱਖਿਆ। ਉਹ ਬੱਚੇ ਵੀ ਗੂੰਗੇ ਹੀ ਰਹੇ ਅਤੇ ਬੋਲਣਾ ਨਾ ਸਿੱਖ ਸਕੇ।

ਵੱਖ ਵੱਖ ਪਾਲੇ ਜੋੜੇ ਬੱਚਿਆਂ ਦਾ ਕੇਸ: ਇਕੱਠੇ ਪਾਲੇ ਗਏ ਜੋੜਿਆਂ ਬੱਚਿਆਂ ਅਤੇ ਵੱਖ ਵੱਖ ਬੱਚਿਆਂ ਨੂੰ ਬਹੁਤ ਛੋਟੇ ਹੁੰਦਿਆਂ ਵੱਖ ਕਰ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਦੀ ਬੁੱਧੀ ਦੀ ਬੁੱਧੀ ਵਿੱਚ ਫਰਕ ਆ ਜਾਂਦਾ ਹੈ। ਇਹ ਕੇਸ ਦੋ ਭੈਣਾਂ ਦਾ ਹੈ ਜਿਨ੍ਹਾਂ ਨੂੰ 18 ਮਹੀਨਿਆਂ ਦੀ ਉਮਰ ਵਿੱਚ ਵੱਖ ਕਰ ਦਿੱਤਾ ਗਿਆ। ਇਕ ਨੂੰ ਪਛੜੇ ਤਬਕੇ ਵਿੱਚ ਪਾਲਿਆਂ ਗਿਆ ਅਤੇ ਦੋ ਸਾਲ ਸਕੂਲ ਵਿਚ ਪੜ੍ਹਾਇਆਂ ਗਿਆ। ਦੂਜੀ ਨੂੰ ਚੰਗੇ ਕਿਸਾਨ ਤਬਕੇ ਵਿੱਚ ਪਾਲਿਆ ਗਿਆ ਅਤੇ ਉਸ ਨੇ ਕਾਲਜ ਦੀ ਪੜ੍ਹਾਈ ਕੀਤੀ ਜਦੋਂ 35 ਸਾਲ ਦੀ ਉਮਰ ਵਿੱਚ ਦੋਹਾਂ ਦੀ ਪਰਖ ਕੀਤੀ ਗਈ ਤਾਂ ਪੜ੍ਹੀ ਲਿਖੀ ਕੁੜੀ ਦਾ ਬੁੱਧੀਫਲ ਦੂਜੀ ਨਾਲੋਂ 24 ਪੁਆਇੰਟ ਵੱਧ ਸੀ। ਉਹ ਸਾਰਾ ਵਾਤਾਵਰਣ ਪ੍ਰਭਾਵ ਦਾ ਨਤੀਜਾ ਸੀ।

**ਗੋਦ ਲਏ ਹੋਏ ਬੱਚੇ (Foster Children):** ਪਾਲਕ ਘਰਾਂ ਜਾਂ ਯਤੀਮਖਾਨਿਆਂ ਵਿੱਚੋਂ ਗੋਦ ਲਏ ਗਏ ਬੱਚਿਆਂ ਨੂੰ ਲੋਕਾਂ ਦੇ ਘਰਾਂ ਵਿੱਚ ਆਉਣ ਤੋਂ ਬਾਅਦ ਦੇਖਿਆ ਗਿਆ ਤਾ ਇਨ੍ਹਾਂ ਬੱਚਿਆਂ ਦੇ ਬੁੱਧੀਫਲ ਵਿੱਚ ਵਾਧਾ ਆ ਜਾਂਦਾ ਹੈ। ਬੁੱਧੀਫਲ ਵਿੱਚ ਵਾਧਾ ਉਸ ਹਾਲਤ ਵਿੱਚ ਵੱਧ ਹੁੰਦਾ ਹੈ ਜੇ ਬੱਚਿਆਂ ਨੂੰ ਛੋਟੀ ਉਮਰ ਵਿੱਚ ਗੋਦ ਲਿਆ ਜਾਵੇ ਅਤੇ ਗੋਦ ਲੈਣ ਵਾਲਿਆਂ ਦੀ ਆਰਥਿਕ ਅਤੇ ਸਮਾਜਿਕ ਪੱਧਰ ਉੱਚੀ ਹੋਵੇ। ਉੱਚਿਤ ਵਾਵਾਵਰਣ ਦੇ ਨਾਲ ਉਹ ਆਪਣੇ ਮਾਤਾ ਪਿਤਾ ਤੋਂ ਚੰਗੇ ਸਿੱਧ ਹੁੰਦੇ ਹਨ।

**ਨਸਲੀ ਭੇਦ (Racial Difference):** ਕਲਾਕਾਰ ਅਨੁਸਾਰ ਜਾਤੀਆਂ ਦੀ ਬੋਧਿਕ ਯੋਗਤਾ ਦਾ ਕਾਰਨ ਵਿਰਾਸਤ ਨਹੀ ਸਗੋਂ ਵਾਤਾਵਰਣ ਹੈ। ਇਹ ਸਿੱਟਾ ਓਸ ਨੇ ਕੁਝ ਅਮਰੀਕਾ ਦੇ ਕੁਝ ਗੋਰੇ ਅਤੇ ਨੀਗਰ ਲੋਕਾਂ ਦੇ ਬੁੱਧੀ ਪ੍ਰੀਖਿਆ ਲੈ ਕੇ ਕੱਢਿਆ ਹੈ। ਇਸ ਪ੍ਰਕਾਰ ਦੀਆਂ ਹੋਰ ਖੋਜ਼ਾਂ ਵੀ ਹੁੰਦੀਆਂ ਹਨ। ਜਿਸ ਦੇ ਸਿਟੇ ਵਜੋਂ ਇਹ ਸਿੱਧ ਹੁੰਦਾ ਹੈ ਕਿ ਕਾਲੇ ਲੋਕਾਂ ਦਾ ਪੱਧਰ ਗੋਰਿਆਂ ਨਾਲੋ ਘੱਟ ਹੁੰਦਾ ਹੈ। ਬਾਅਦ ਵਿਚ ਕਈ ਹੋਰ ਖੋਜਾਂ ਵੀ ਹੋਈਆਂ ਜਿਨ੍ਹਾਂ ਨੇ ਉਪਰੋਕਤ ਸਿੱਖਿਆਂ ਦੀ ਪ੍ਰਸ਼ਟੀ ਕੀਤੀ।

ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਨੀਗਰੋ ਜਾਤੀ ਦੀ ਬੁੱਧੀ ਪੱਧਰ ਇਸ ਲਈ ਨੀਵੀਂ ਹੈ ਕਿਉਂਕਿ ਇਨ੍ਹਾਂ ਨੂੰ ਅਮਰੀਕਾਂ ਦੇ ਗੋਰਿਆਂ ਦੀ ਤਰ੍ਹਾਂ ਸਮਾਜਿਕ, ਆਰਥਿਕ ਅਤੇ ਸਿਖਿਆ ਸੰਬੰਧੀ ਵਾਵਾਵਰਣ ਪ੍ਰਾਪਤ ਨਹੀਂ। ਜਦੋਂ ਨੀਗਰੋ ਬੱਚਿਆਂ ਨੂੰ ਪਬਲਿਕ ਸਕੂਲਾਂ ਵਿੱਚ ਪੜਾਇਆਂ ਗਿਆ ਤਾਂ ਉਨ੍ਹਾਂ ਨੇ ਗੋਰਿਆਂ ਤੋ ਵੱਧ ਅੰਕ ਪ੍ਰਾਪਤ ਕੀਤੇ ਗਏ ਇਹ ਪ੍ਰਭਾਵ ਸਵੱਛ ਵਾਤਾਵਰਣ ਦਾ ਹੋਇਆ ਹੈ।

**ਨਰਸਰੀ ਸਿੱਖਿਆ:** ਇਹ ਦੇਖਣ ਵਿੱਚ ਆਇਆ ਹੈ ਕਿ ਜਿਨ੍ਹਾਂ ਬੱਚਿਆਂ ਨੂੰ ਛੋਟੀ ਉਮਰ ਵਿੱਚ ਨਰਸਰੀ ਵਿੱਚ ਦਾਖਲ ਕਰਵਾਇਆਂ ਜਾਂਦਾ ਹੈ ਉਹ ਦੂਜੇ ਬੱਚਿਆਂ ਨਾਲੋ ਬੁੱਧੀ ਵਿੱਚ ਤੇਜ ਹੰਦੇ ਹਨ। ਇਹ ਸਾਇਦ ਇਸ ਕਰਕੇ ਹੁੰਦੇ ਹੈ ਕਿ ਨਰਸਰੀ ਸਿੱਖਿਆਂ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਦੂਸਰੇ ਬੱਚਿਆਂ ਨਾਲੋਂ ਜਿਨ੍ਹਾਂ ਨੂੰ ਕਿ ਇਹ ਸੁਵਿਧਾਵਾਂ ਪ੍ਰਦਾਨ ਨਹੀਂ ਕਰਦੇ, ਸੁਖਾਵਾਂ ਵਾਤਾਵਰਣ ਮਿਲਦਾ ਹੈ।

**ਵੀਲਰ ਦਾ ਅਧਿਐਨ (Wheeler's Experiments):** ਵੀਲਰ ਨੇ ਇਕ ਅਧਿਐਨ ਕੀਤਾ ਜਿਸ ਵਿੱਚ ਉਸ ਨੇ ਇਹ ਦੇਖਿਆਂ ਕਿ ਜਨਮ ਸਮੇਂ ਪਹਾਂੜੀ ਅਤੇ ਮੈਦਾਨੀ ਬੱਚਿਆਂ ਦਾ ਬੁੱਧੀਫਲ ਇਕੋ ਜਿਨਾ ਸੀ ਪ੍ਰੰਤੂ ਜਿਉ ਜਿਉਂ ਪਹਾਂੜੀ ਬੱਚੇ ਵੱਡੇ ਹੁੰਦੇ ਗਏ ਵਾਤਾਵਰਣ ਕਾਰਨ ਉਨ੍ਹਾਂ ਦਾ ਬੁੱਧੀਫਲ ਘੱਟਦਾ ਗਿਆ। ਇਸ ਅਧਿਐਨ ਤੋਂ ਪਤਾ ਲਗਦਾ ਹੈ ਕਿ ਵਿਅਕਤੀ ਦੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਵਾਤਾਵਰਣ ਦਾ ਬਹੁਤ ਹੱਥ ਹੈ।

ਉਪਰੋਕਤ ਵਿਚਾਰਾਂ ਤੋਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਵਿਕਾਸ ਵਿੱਚ ਵਾਤਾਵਰਣ ਦੀ ਉਨਤੀ ਦੀ ਮਹੱਤਤਾ ਹੈ ਜਿੰਨੀ ਕਿ ਵਿਰਾਸਤ ਦੀ। ਕਿਸੇ ਬਿਨਾਂ ਵੀ ਗੁਜਾਰਾਂ ਨਹੀਂ। ਮਨੁੱਖ ਵਿਰਸੇ ਅਤੇ ਵਾਤਾਵਰਣ ਦੋਹਾਂ ਦੀ ਉਪਜ ਹੈ। ਇਸ ਤੋਂ ਬਿਨਾਂ ਬੱਚੇ ਦੇ ਵਿਕਾਸ ਲਈ ਅਧੂਰਾ ਹੈ। ਵੁਡਬਰਥ ਦੇ ਅਨੁਸਾਰ ਵਿਅਕਤੀ ਵਿਰਾਸਤ ਦੇ ਵਾਤਾਵਰਣ ਦੀ ਸਾਝੀ ਉਪਜ ਹੈ। ਮੈਕਾਈਵਰ ਅਤੇ ਪੇਜ ਨੇ ਵੀ ਇਹ ਹੀ ਕਿਹਾ ਕਿ ਜੀਵਨ ਦੀ ਹਰ ਕਿਰਿਆ ਵਿਰਾਸਤ ਅਤੇ ਵਾਤਾਵਰਣ ਦੋਹਾਂ ਦੀ ਉਪਜ ਹੁੰਦੀ ਹੈ। ਵਿਰਾਸਤ ਅਤੇ ਵਾਤਾਵਰਣ ਦੋਹਾਂ ਦੇ ਰੱਲਵੇਂ ਪ੍ਰਭਾਵ ਦੁਆਰਾ ਹੀ ਮਨੁੱਖ ਦੀ ਬਾਲਗ ਸ਼ਖ਼ਸੀਅਤ ਹੋਂਦ ਵਿੱਚ ਆਉਂਦੀ ਹੈ। ਵਿਰਸਾ ਆਮ ਤੌਰ ਤੇ ਬੁੱਧੀ, ਸਰੀਰ ਅਤੇ ਸੰਵੇਗ ਪ੍ਰਕਿਰਿਆ ਨੂੰ ਵਧੇਰੇ ਪ੍ਰਭਾਵਿਤ ਕਰਦਾ ਹੈ। ਸੰਵੇਗਕ ਅਤੇ ਸਮਾਜਿਕ ਵਿਸ਼ੇਸ਼ਤਾਈਆਂ, ਵਿਸ਼ੇਸ਼ ਆਦਤਾਂ, ਸਦਾਚਾਰਕ ਮਿਆਰਾਂ ਅਤੇ ਸ਼ਖ਼ਸੀਅਤ ਦੇ ਹਰ ਪਹਿਲੂ ਦੇ ਵਿਕਾਸ ਵਿੱਚ ਵਾਤਾਵਰਣ ਦਾ ਵਧੇਰੇ ਯੋਗਦਾਨ ਹੁੰਦਾ ਹੈ। ਵਿਰਾਸਤ ਅਤੇ ਵਾਤਾਵਰਣ ਦੇ ਖੇਤਰ ਵਿੱਚ ਜਿੰਨੇ ਵੀ ਪ੍ਰਯੋਗ ਕੀਤੇ ਹਨ, ਉਨ੍ਹਾਂ ਵਿੱਚ ਇਹ ਦੋਵੇਂ ਨਾਲ ਨਾਲ ਪ੍ਰਭਾਵ ਪਾਉਂਦੇ ਹਨ।

### 1.3.9 ਵਿਰਾਸਤ ਅਤੇ ਵਾਤਾਵਰਣ ਦੀ ਬੱਚੇ ਦੇ ਵਾਧੇ ਅਤੇ ਵਿਕਾਸ ਦੀ ਮਹੱਤਤਾ (Importance of Heredity Environment in the growth and development of the child)

ਇਸ ਗੱਲ ਤੋ ਕਦੇ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬੱਚੇ ਦੇ ਵਾਧੇ ਤੇ ਵਿਕਾਸ ਦੇ ਖੇਤਰ ਵਿੱਚ ਵਿਰਾਸਤ ਤੇ ਵਾਤਾਵਰਣ ਦੋਹਾ ਦਾ ਆਪਣਾ ਆਪਣਾ ਰੋਲ ਹੁੰਦਾ ਹੈ। ਮਤਭੇਦ ਜੇ ਹੈ ਤਾਂ ਉਹ ਇਸ ਗੱਲ ਦਾ ਹੈ ਕਿ ਇਨ੍ਹਾਂ ਵਿੱਚੋ ਕਿਸ ਦਾ ਕਿਨਾਂ ਕੁ ਹਿਸਾ ਹੈ। ਹਰ ਵਿਅਕਤੀ ਆਪਣੇ ਵਿਸ਼ੇਸ਼ ਗੁਣਾਂ ਨੂੰ ਲੈ ਕੇ ਪੈਦਾ ਹੁੰਦਾ ਹੈ। ਇਹ ਉਸਦੀ ਇਕ ਵਿਰਾਸਤ ਹੁੰਦੀ ਹੈ। ਉਹ ਆਪਣੇ ਆਲੇ ਦੁਆਲੇ ਦੇ ਵਿਚ ਵਿਚਰਦਾ ਹੈ। ਜਿਸ ਨੂੰ ਕਿ ਉਸ ਦਾ ਵਾਤਾਵਰਣ ਕਿਹਾ ਜਾਂਦਾ ਹੈ। ਵਿਅਕਤੀ ਦਾ ਨੈਤਿਕ, ਸਮਾਜਿਕ, ਸਰੀਰਕ ਅਤੇ ਬੋਧਿਕ ਪੱਖ ਉਸਦੇ ਵਾਤਾਵਰਣ ਵਿਚ ਨਿਖਰਦਾ ਹੈ। ਅਸਲ ਗੱਲ ਤਾਂ ਇਹ ਹੈ ਕਿ ਵਿਅਕਤੀ ਆਪਣੇ ਵਾਤਾਵਰਣ ਅਤੇ ਵਿਰਾਸਤ ਦਾ ਮਿਲਗੋਭਾ ਹੁੰਦਾ ਹੈ ਦੋਵੇ ਆਪਣੇ ਅੰਸ਼ ਰਲ ਕੇ ਉਸ ਦੀ ਉਸਾਰੀ ਵਿਚ ਆਪਣਾ ਯੋਗਦਾਨ ਪਾਉਂਦੇ ਹਨ। ਅਧਿਆਪਕ ਨੂੰ ਵਿਰਾਸਤ ਦੇ ਪੱਖਾਂ ਤੋ ਪਤਾਂ ਹੋਣਾ ਚਾਹੀਦਾ ਹੈ ਉਨ੍ਹਾਂ ਉਤੇ ਵਾਤਾਵਰਣ ਦੇ ਪ੍ਰਭਾਵਾਂ ਦਾ ਗਿਆਨ ਹੋਣਾ ਚਾਹੀਦਾ ਹੈ। ਤਾਂ ਹੀ ਉਹ ਵਿਆਕਤੀ ਦੇ ਵਿਆਕਤਿਤਵ ਦੇ ਭਲੀ ਭਾਂਤ ਉਸਾਰੀ ਦੇ ਵਿੱਚ ਆਪਣਾ ਯੋਗਦਾਨ ਪਾ ਸਕਦਾ ਹੈ। ਅਸਲ ਦੇ ਵਿੱਚ ਸਿੱਖਿਆਂ ਦੇ ਰਾਹੀਂ ਕਿਸੇ ਵਿਅਕਤੀ ਦੇ ਵਿਅਕੀਤਿਤਵ ਦੀ ਉਸਾਰੀ ਇਸ ਪ੍ਰਕਾਰ ਕਰਨੀ ਹੁੰਦੀ ਹੈ ਕਿ ਉਸ ਵਿੱਚਲੇ ਵਿਸ਼ੇਸ਼ ਗੁਣ ਇਸ ਤਰ੍ਹਾਂ ਦੇ ਨਾਲ ਉਸਰਨ ਕਿ ਉਹ ਆਪਣੇ ਵਾਸਤਵ ਦੇ ਵਿੱਚ ਆਪਣਾ ਸਥਾਨ ਬਣਾ ਸਕੇ ਅਤੇ ਆਪਣੇ ਆਲੇ ਦੁਆਲੇ ਦੇ ਵਿੱਚ ਠੀਕ ਪ੍ਰਕਾਰ ਆਪਣੀ

ਘਾਲਣਾ ਘਾਲ ਸਕੇ। ਅਧਿਆਪਕਾਂ ਦਾ ਵਿਰਾਸਤ ਦੇ ਅਸੂਲਾਂ ਦਾ ਗਿਆਨ, ਇਸ ਵਿੱਚ ਮੇਲ ਅਤੇ ਵੱਖਰਾਪਣ ਉਸ ਵਿੱਚ ਬੱਚੇ ਦੀਆਂ ਸਹਿ ਸੰਬੰਧ ਨੂੰ ਸੁਲਝਾਉਣ ਵਿੱਚ ਬਹੁਤ ਸਹਾਈ ਹੁੰਦਾ ਹੈ। ਮਿਸਲ ਵਜੋਂ ਅਧਿਆਪਕ ਦਾ ਪ੍ਰਤਿਗਮਨ ਦਾ ਗਿਆਨ ਬਹੁਤ ਵਾਰ ਬੁੱਧੀਮਾਨ ਮਾਪਿਆਂ ਅਤੇ ਸੁਸਤ ਬੱਚਿਆਂ ਦੇ ਗੁੰਝਲ ਨੂੰ ਸਪਸ਼ਟ ਕਰਨ ਵਿੱਚ ਆਪਣਾ ਹਿਸਾ ਪਾਉਂਦਾ ਹੈ। ਜਿਨ੍ਹਾਂ ਅਧਿਆਪਕਾਂ ਨੂੰ ਵਿਰਾਸਤ ਦਾ ਠੀਕ ਗਿਆਨ ਨਹੀਂ ਹੁੰਦਾ ਉਹ ਇਹ ਸਮਝਦੇ ਹਨ ਕਿ ਲਾਇਕ ਮਾਪਿਆਂ ਦੇ ਬੱਚੇ ਵੀ ਲਾਇਕ ਹੀ ਹੋਣੇ ਚਾਹੀਦੇ ਹਨ ਅਤੇ ਜੇ ਕਿਤੇ ਬੱਚਿਆਂ ਦਾ ਵਿਕਾਸ ਠੀਕ ਨਾ ਹੋ ਰਿਹਾ ਹੋਵੇ ਤਾਂ ਉਹ ਸੋਚਦੇ ਹਨ ਕਿ ਬੱਚੇ ਮਨ ਲਾ ਕੇ ਪੜ੍ਹਾਂਈ ਨਹੀਂ ਕਰ ਰਹੇ। ਕਈ ਵਾਰ ਉਨ੍ਹਾਂ ਦਾ ਕਾਰਨ ਵਿਰਾਸਤ ਵੀ ਹੋ ਸਕਦਾ ਹੈ। ਜੇ ਕਰ ਕੋਈ ਵਿਅਕਤੀ ਵਾਰ ਵਾਰ ਫੇਲ੍ਹ ਹੁੰਦਾ ਹੈ ਤਾਂ ਉਸ ਦੇ ਵਿਅਕਤਿਤਵ ਵਿੱਚ ਗੁੰਝਲਾਂ ਪੈ ਜਾਂਦੀਆਂ ਹਨ। ਅਧਿਆਪਕ ਨੇ ਇਨ੍ਹਾਂ ਗੁੰਝਲਾਂ ਨੂੰ ਪੈਣ ਤੋਂ ਰੋਕਣਾ ਹੁੰਦਾ ਹੈ ਜਿਸ ਲਈ ਉਸ ਨੂੰ ਵਿਰਾਸਤ ਦਾ ਗਿਆਨ ਹੋਣਾ ਲਾਜ਼ਮੀ ਹੁੰਦਾ ਹੈ।

ਹਰ ਵਿਅਕਤੀ ਇਕ ਸਮਾਨ ਨਹੀਂ ਹੁੰਦਾ। ਉਸ ਵਿੱਚ ਬਹੁਤ ਪ੍ਰਕਾਰ ਦੇ ਅੰਤਰ ਹੁੰਦੇ ਹਨ। ਕਈ ਮਾਪਿਆਂ ਦੇ ਬੱਚੇ ਵੱਖ ਵੱਖ ਪ੍ਰਕਾਰ ਦੇ ਵੀ ਹੋ ਸਕਦੇ ਹਨ। ਅਧਿਆਪਕ ਦੇ ਹਰ ਵਿਅਕਤੀ ਦਾ ਸਮੁੱਚਾ ਅਧਿਐਨ ਕਰਨਾ ਹੁੰਦਾ ਹੈ। ਇਸ ਤਰ੍ਹਾਂ ਕਰਨ ਦੇ ਨਾਲ ਉਸ ਨੂੰ ਵਖਰੇਵਿਆਂ ਦੇ ਕਾਰਨਾਂ ਦਾ ਪਤਾ ਲਗਦਾ ਹੈ। ਅਜਿਹਾ ਕਰਨ ਦੇ ਨਾਲ ਅਧਿਆਪਕ ਬੱਚੇ ਦੇ ਵਿਅਕਤਿਤਵ ਨੂੰ ਵੱਖ ਵੱਖ ਤਰ੍ਹਾਂ ਮੋੜ ਤੋੜ ਸਕਦਾ ਹੈ। ਬੱਚੇ ਦਾ ਵਿਵਹਾਰ ਉਸ ਦੀ ਅੰਦਰੂਨੀ ਸ਼ਕਤੀ ਤੋਂ ਉਪਜਦਾ ਹੈ ਇਸ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਸ ਦੇ ਬੁੱਧੀ ਅੰਕ, ਵਤੀਰੇ ਅਤੇ ਬਿਰਤੀਆਂ ਦਾ ਅਧਿਐਨ ਕੀਤਾ ਜਾਵੇ ਤਾਂ ਉਸ ਦੇ ਸਮਾਜਿਕ ਉਸਾਰੀ ਅਤੇ ਵਾਤਾਵਰਣ ਦੇ ਪ੍ਰਭਾਵ ਪੈਦਾ ਹੈ। ਇਸ ਲਈ ਇਹ ਵੀ ਜ਼ਰੂਰੀ ਹੁੰਦਾ ਹੈ ਕਿ ਬੱਚੇ ਦੇ ਵਾਤਾਵਰਣ ਦੇ ਅਸੂਲਾਂ ਅਤੇ ਵਾਤਾਵਰਣ ਵਿੱਚ ਤਬਦੀਲੀਆਂ ਦੇ ਸਿੱਟਿਆਂ ਦਾ ਅਧਿਆਪਕ ਨੂੰ ਗਿਆਨ ਹੋਵੇ। ਜਿਸ ਘਰ ਵਿੱਚ ਬੱਚਾ ਪੈਦਾ ਹੁੰਦਾ ਹੈ ਉਸ ਦੇ ਵਿਕਾਸ ਤੇ ਬਹਤ ਡੂੰਘਾ ਪ੍ਰਭਾਵ ਪਾਉਦਾ ਹੈ। ਆਮ ਕਰਕੇ ਆਪਣੇ ਵੱਡਿਆਂ ਤੋਂ ਉਨ੍ਹਾਂ ਦੀਆਂ ਆਦਤਾਂ ਸਿੱਖੇਗਾ। ਜੇਕਰ ਉਸਦੇ ਘਰ ਵਾਲੇ ਇਮਾਨਦਾਰ ਹੋਣਗੇ ਤਾਂ ਉਹ ਵੀ ਆਮ ਕਰਕੇ ਇਮਾਨਦਾਰ ਬਣੇਗਾਂ। ਸਿੱਖਿਆਂ ਰਾਹੀ ਕਿਸੇ ਵਿਅਕਤੀ ਦੇ ਸੁਭਾਅ ਵਿੱਚ ਉਸ ਦੇ ਵਤੀਰੇ, ਉਸਦੇ ਆਚਰਣ ਵਿੱਚ ਤਬਦੀਲੀਆਂ ਲਿਆਦੀਆਂ ਜਾ ਸਕਦੀਆਂ ਹਨ। ਉਹ ਤਬਦੀਲੀਆਂ ਭਲੀ-ਭਾਂਤ ਤਾਂ ਹੀ ਆ ਜਾਂਦੀਆਂ ਹਨ ਜੇਕਰ ਅਧਿਆਪਕ ਨੂੰ ਵਾਤਾਵਰਣ, ਉਸ ਦੀਆਂ ਉਣਤਾਈਆਂ, ਉਸ ਦੀਆਂ ਵਿਸ਼ੇਸ਼ਤਾਈਆਂ ਅਤੇ ਵਿਰਾਸਤ ਤੇ ਉਸ ਨਾਲ ਸੰਬੰਧਤ ਵਿਕਾਸ ਦੇ ਅਸਲ ਦਾ ਠੀਕ ਪਤਾ ਹੋਵੇ। ਇਸ ਲਈ ਦੋਹਾਂ ਦਾ ਗਿਆਨ ਅਤਿ ਜ਼ਰੂਰੀ ਹੁੰਦਾ ਹੈ।

ਕਿਸੇ ਵੀ ਬੱਚੇ ਦੇ ਠੀਕ ਵਿਕਾਸ ਲਈ ਸੁਖਾਵਾਂ ਵਾਤਾਵਰਣ ਬਣਾਉਣਾ ਅਧਿਆਪਕ ਦਾ ਕੰਮ ਹੁੰਦਾ ਹੈ। ਅਜਿਹਾ ਕਰਨ ਦੇ ਨਾਲ ਲਾਇਬ੍ਰੇਰੀ, ਖੇਡ ਦਾ ਮੈਦਾਨ ਆਦਿ ਦਾ ਵੀ ਕਾਫੀ ਇੰਤਜ਼ਾਮ ਅਤੇ ਪ੍ਰਯੋਗ ਕੀਤਾ ਜਾਂਦਾ ਹੈ। ਅਧਿਆਪਕ ਆਪ ਚੰਗੇ ਆਚਰਨ ਦੀ ਜਿਉਂਦੀ ਜਾਗਦੀ ਤਸਵੀਰ ਹੁੰਦਾ ਹੈ। ਉਸ ਨੂੰ ਬੱਚਿਆ ਦੇ ਨਾਲ ਪਿਆਰ ਕਰਨਾਂ ਚਾਹੀਦਾ ਹੈ ਅਤੇ ਉਨ੍ਹਾਂ ਦੇ ਪ੍ਰਤੀ ਹਮਦਰਦੀ ਦਾ ਵਤੀਰਾ ਰੱਖਣਾ ਚਾਹੀਦਾ ਹੈ। ਅਜਿਹਾ ਕਰਨ ਦੇ ਨਾਲ ਬੱਚਿਆਂ ਦਾ ਪ੍ਰਭਾਵਸ਼ਾਲੀ ਵਿਕਾਸ ਹੁੰਦਾ ਹੈ। ਅਧਿਆਪਕ ਦੇ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਬੱਚੇ ਦੇ ਘਰ ਦੇ ਹਾਲਾਤ ਤੋਂ ਜਾਣੂ ਹੋਵੇ ਅਤੇ ਉਸ ਨੂੰ ਸੁਖਾਲਾ ਬਣਾਵੇ। ਜੇ ਕਿਸੇ ਦੇ ਘਰ ਦੇ ਹਾਲਾਤ ਠੀਕ ਨਹੀਂ ਹਨ ਅਤੇ ਅਧਿਆਪਕ ਉਨ੍ਹਾਂ ਨੂੰ ਸਮਰਥ ਹੈ ਤਾ ਉਸ ਨੂੰ ਅਜਿਹੇ ਬੱਚੇ ਲਈ ਸਕੂਲ ਦਾ ਵਾਤਾਵਰਣ ਸੁਖਾਵਾਂ ਬਣਾਉਣਾ ਚਾਹੀਦਾ ਹੈ। ਕਿਸੇ ਵੀ ਚੰਗੇ ਸਕੂਲ ਦੇ ਕੰਮ ਦੇ ਲਈ ਵਿਰਾਸਤ ਤੇ ਵਾਤਾਵਰਣ ਦੋਹਾਂ ਦਾ ਗਿਆਨ ਅਧਿਆਪਕਾਂ ਨੂੰ ਜਰੂਰੀ ਹੈ। ਅਧਿਆਪਕ ਨੂੰ ਬੱਚੇ ਦੀਆਂ ਯੋਗਤਾਵਾਂ, ਉਸ ਦੇ ਵਤੀਰੇ ਅਤੇ ਉਸਦੀਆਂ ਰੁਚੀਆਂ, ਉਸ ਦੇ

ਰੁਝਾਨ, ਉਸ ਦੀ ਭਾਵਨਾਵਾਂ ਅਤੇ ਉਸ ਦੀ ਸਖ਼ਸੀਅਤ, ਉਸ ਦੀਆਂ ਘਾਟਾਂ ਅਤੇ ਵਿਸ਼ੇ ਸ਼ਤਾਵਾਂ ਦਾ ਧਿਆਨ ਹੋਣਾ ਚਾਹੀਦਾ ਹੈ ਤਾਂ ਕਿ ਸਕੂਲ ਵਿੱਚ ਅਜਿਹਾ ਵਾਤਾਵਰਣ ਪ੍ਰਦਾਨ ਕੀਤਾ ਜਾਵੇ ਜਿਸ ਵਿੱਚ ਉਸ ਦਾ ਵਿਅਕਤਿਤਵ ਪੂਰਨ ਭਾਂਤ ਨਿੱਖਰੇ ਅਤੇ ਉਭਰ ਕੇ ਸਾਹਮਣੇ ਆਵੇ।

### 1.3.10 ਸਾਰ (Summary)

ਵਿਰਸਾ ਅਤੇ ਵਾਤਾਵਰਣ ਦੇ ਵਿਆਕਤੀ ਦੇ ਵਿਕਾਸ ਵਿੱਚ ਰੋਲ ਦਾ ਪਰੀਖਣ ਕਰਦੇ ਸਮੇਂ ਅਸੀ ਵੇਖਿਆਂ ਹੈ ਕਿ ਇਹ ਦੋਵੇ ਤੱਤ ਵਿੱਚ ਸਮਾਨਤਾਵਾਂ ਵੀ ਪੈਦਾ ਕਰਦੇ ਹਨ ਅਤੇ ਅਸਮਾਨਤਾਵਾਂ ਵੀ। ਸਾਰੇ ਮਨੁੱਖ ਹੋਰਨਾਂ ਪ੍ਰਾਣੀਆਂ ਪਸ਼ੂ, ਪੰਛੀਆਂ ਨਾਲੋ ਭਿੰਨ ਹਨ ਪਰ ਆਪਣੇ ਵਿੱਚ ਸਾਰੇ ਮਨੁੱਖ- ਮਨੁੱਖਾਂ ਵਰਗੇ ਹੰਦੇ ਹਨ। ਸਾਰਿਆਂ ਦੇ ਦੋ ਅੱਖਾਂ, ਦੋ ਕੰਨ, ਇਕ ਨੱਕ ਹੁੰਦਾ ਹੈ। ਪ੍ਰੰਤੂ ਹਰ ਮਨੁੱਖ ਸਰੀਰਕ, ਮਾਨਸਿਕ, ਸਮਾਜਿਕ ਅਤੇ ਮਨੋਵਿਗਿਆਨਕ ਤੋ ਹੋਰਨਾਂ ਮਨੁੱਖਾਂ ਨਾਲ ਕਈ ਤਰ੍ਹਾਂ ਭਿੰਨ ਹੁੰਦਾ ਹੈ ਅਤੇ ਇਸੇ ਲਈ ਉਸ ਨੂੰ ਅਦੁੱਤੀ ਕਿਹਾ ਜਾਂਦਾ ਹੈ।

ਅੰਤ ਵਿੱਚ ਇਹੋ ਹੀ ਕਿਹਾ ਜਾ ਸਕਦਾ ਹੈ ਜੋ ਆਲਪੈਰਟ ਨੇ 1961 ਵਿੱਚ ਕਿਹਾ ਸੀ। ਹਰ ਆਦਮੀ ਸਾਰੇ ਆਦਮੀਆਂ ਵਰਗਾ ਹੈ, ਉਹ ਹੋਰਨਾਂ ਕੁਝ ਵਿਅਕਤੀਆਂ ਵਰਗਾ ਹੈ, ਉਹ ਹੋਰ ਕਿਸੇ ਵਰਗਾ ਵੀ ਨਹੀਂ ਹੈ। (Every man is like all other men, is like some men, is like no other men)

### 1.3.11 ਮੁੱਖ ਨੁਕਤੇ :-

1. ਵਿਰਾਸਤ ਅਤੇ ਵਾਤਾਵਰਨ ਦਾ ਅਰਥ
2. ਵਿਰਾਸਤ ਅਤੇ ਵਾਤਾਵਰਨ ਦਾ ਵਾਧੇ ਤੇ ਵਿਕਾਸ ਉੱਪਰ ਪ੍ਰਭਾਵ
3. ਵਿਰਾਸਤ ਅਤੇ ਵਾਤਾਵਰਨ ਦੀ ਮਹੱਤਤਾ।

### 1.3.12 ਸਵੈ-ਮੁਲਾਂਕਣ ਅਭਿਆਸ (Self Check Exercise)

**ਖਾਲੀ ਥਾਵਾਂ ਭਰੋ:**

1. ਵਿਰਾਸਤ ਦਾ ਪਹਿਲਾ ਨਿਯਮ ਹੈ ਜਿਹੇ................ ਤਿਹੇ........................।
2. ਪ੍ਰਤੀਗਮਨ ਦੇ ਨਿਯਮ ਅਨੁਸਾਰ ਤੇਜ ਬੁੱਧੀ ਵਾਲੇ ਮਾਪਿਆਂ ਦੇ ਬੱਚੇ............................ ਬੁੱਧੀ ਵਾਲੇ ਅਤੇ ਬਹੁਤ ਘਟੀਆਂ ਬੁੱਧੀ ਮਾਪਿਆਂ ਤੋਂ........................ ਘਟੀਆਂ ਬੱਚੇ ਹੋਣ ਦੀ ਪ੍ਰਵਿਰਤੀ ਹੁੰਦੀ ਹੈ।
3. ਵਾਤਾਵਰਣ............................,...................ਅਤੇ........................ਪ੍ਰਕਾਰ ਦਾ ਹੁੰਦਾ ਹੈ।
4. ਵਿਲੱਖਣਤਾ ਦੇ ਨਿਯਮ ਅਨੁਸਾਰ ਬੱਚੇ ਆਪਣੇ ਮਾਪਿਆਂ ਤੇ................ਜਾਂਦੇ ਹਨ।
5. ........................ਅਤੇ....................ਦੋਵੇ ਹੀ ਬੱਚੇ ਦੇ ਵਾਧੇ ਅਤੇ ਵਿਕਾਸ ਤੇ ਗਹਿਰਾ ਪ੍ਰਭਾਵ ਪਾਉਂਦੇ ਹਨ।

**ਉੱਤਰ:** (1) ਮਾਪ, ਬੱਚੇ (2) ਘੱਟ, ਘੱਟ (3) ਭੋਤਿਕ, ਸਮਾਜਿਕ, ਨੈਤਿਕ (4) ਨਹੀਂ (5) ਵਿਰਸਾ, ਵਾਤਾਵਰਣ

### 1.3.13 ਸੁਝਾਏ ਪ੍ਰਸ਼ਨ :-

**1. ਵਿਰਾਸਤ ਅਤ ਵਾਤਾਵਰਨ ਦੀ ਕੀ ਮਹੱਤਤਾ ਹੈ?**

**2. ਵਿਰਾਸਤ ਅਤੇ ਵਾਤਾਵਰਨ ਦਾ ਵਾਧੇ ਤੇ ਵਿਕਾਸ ਉਪਰ ਕੀ ਪ੍ਰਭਾਵ ਹੈ?**

**3. ਵਾਤਾਵਰਣ ਦਾ ਅਰਥ ਅਤੇ ਪ੍ਰਕਾਰ ਬਾਰੇ ਚਰਚਾ ਕਰੋ?**

### 1.3.14 ਸੁਝਾਈਆਂ ਪੁਸਤਕਾਂ ਅਤੇ ਵੈਬ ਸੋਮੇ (Suggested readings and web Sources)

1. ਟੀ.ਆਰ.ਸ਼ਰਮਾ ਅਤੇ ਸ੍ਰੀਮਤੀ ਕੁਲਦੀਪ ਕੌਰ: ਸਿੱਖਿਆਂ ਮਨੋਵਿਗਿਆਨ
2. ਮੀਨਕਾਸ਼ੀ ਸ਼ਰਮਾਂ: ਉੱਚਤਰ ਸਿੱਖਿਆਂ ਮਨੋਵਿਗਿਆਨ
3. ਐਸ.ਐਸ. ਚੋਹਾਨ: ਐਡਵਾਂਸਡ ਐਜੂਕੇਸ਼ਨ ਸਾਈਕਾਲੋਜੀ
4. ਕੰਵਰਜੀਤ ਸਿੰਘ: ਐਜੁਕੇਸ਼ਨ ਸਾਈਕਾਲੋਜੀ ਐਡ ਗਾਈਡੈਂਸ
5. ਜੇ.ਐਸ.ਵਾਲੀਆਂ: ਵਿਦਿਅਕ ਮਨੋਵਿਗਿਆਨ

## Web Sources

1. www. noteaccess.com
2. www.essortment.com
3. books.google.co.in

**ਪਾਠ ਨੰਬਰ : 1.4**

# ਕਿਸ਼ੋਰ ਅਵਸਥਾ – ਕਿਸ਼ੋਰ ਅਵਸਥਾ ਦੇ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ ਵਿਕਾਸ ਦੀਆਂ ਵਿਸ਼ੇਸ਼ਤਾਵਾਂ, ਕਿਸ਼ੋਰ ਅਵਸਥਾ ਦੀਆਂ ਸਮੱਸਿਆਵਾਂ ਅਤੇ ਕਿਸ਼ੋਰਾਂ ਦੀ ਸਿੱਖਿਆ

**ਬਣਤਰ**

1.4.1 ਪਾਠ ਦੇ ਉਦੇ੍ਹ
1.4.2 ਭੂਮਿਕਾ
1.4.3 ਕਿਸ਼ੋਰ ਅਵਸਥਾ
1.4.3.1 ਕਿਸ਼ੋਰ ਅਵਸਥਾ ਵਿਚ ਸਰੀਰਕ ਵਿਕਾਸ
1.4.3.2 ਕਿਸ਼ੋਰ ਅਵਸਥਾ ਵਿਚ ਮਾਨਸਿਕ ਵਿਕਾਸ
1.4.3.3 ਕਿਸ਼ੋਰ ਅਵਸਥਾ ਵਿਚ ਭਾਵਨਾਤਮਕ ਵਿਕਾਸ
1.4.3.4 ਕਿਸ਼ੋਰ ਅਵਸਥਾ ਵਿਚ ਸਮਾਜਿਕ ਵਿਕਾਸ
1.4.3.5 ਕਿਸ਼ੋਰ ਅਵਸਥਾ ਦੀਆਂ ਸਮੱਸਿਆਵਾਂ
1.4.3.6 ਕਿਸ਼ੋਰਾਂ ਦੀ ਸਿੱਖਿਆ
1.4.4 ਸਾਰ
1.4.5 ਮੁੱਖ ਨੁਕਤੇ
1.4.6 ਸਵੈ-ਮੁਲਾਂਕਣ
1.4.7 ਸੁਝਾਏ ਪ੍ਰਸ਼ਨ
1.4.8 ਸੁਝਾਈ ਪੁਸਤਕ ਸੂਚੀ

## 1.4.1 ਪਾਠ ਦੇ ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਹੇਠ ਲਿਖੇ ਤੱਥਾਂ ਤੋਂ ਜਾਣੂ ਹੋਣਗੇ :

1. ਕਿਸ਼ੋਰ ਅਵਸਥਾ ਦੀ ਪਰਿਭਾਸ਼ਾ ਦੇ ਸਕਣਗੇ।
2. ਕਿਸ਼ੋਰ ਅਵਸਥਾ ਵਿਚ ਆਉਣ ਵਾਲੀਆਂ ਸਰੀਰਕ, ਮਾਨਸਿਕ, ਭਾਵਾਤਮਕ ਅਤੇ ਸਮਾਜਿਕ ਤਬਦੀਲੀਆਂ ਤੋਂ ਜਾਣੂ ਹੋਣਗੇ।
3. ਕਿਸ਼ੋਰ ਅਵਸਥਾ ਦੀਆਂ ਸਮੱਸਿਆਵਾਂ ਤੋਂ ਜਾਣੂ ਹੋਣਗੇ।
4. ਕਿਸ਼ੋਰਾਂ ਦੀ ਸਿੱਖਿਆ ਬਾਰੇ ਸੁਝਾਅ ਦੇ ਸਕਣਗੇ।

## 1.4.2 ਭੂਮਿਕਾ

ਮਨੁੱਖੀ ਵਿਕਾਸ ਵਿਚ ਕਿਸ਼ੋਰ ਅਵਸਥਾ ਬਹੁਤ ਹੀ ਮਹੱਤਵਪੂਰਨ, ਨਾਜ਼ੁਕ, ਪਰਿਵਰਤਨਸ਼ੀਲ, ਖਤਰਨਾਕ ਅਤੇ ਸ਼ਕਤੀਸ਼ਾਲੀ ਪੜਾਅ ਹੈ ਅਤੇ ਜ਼ਿੰਦਗੀ ਦੇ ਇਸ ਪੜਾਅ ਵਿਚ ਇਕ ਅਧਿਆਪਕ ਕਿਸ਼ੋਰਾਂ ਲਈ ਬਹੁਤ ਹੀ ਅਹਿਮ ਭੂਮਿਕਾ ਨਿਭਾ ਸਕਦਾ ਹੈ। ਕਿਸ਼ੋਰਾਂ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਇਸ ਕਰਕੇ ਇਨ੍ਹਾਂ (ਕਿਸ਼ੋਰਾਂ) ਦੀ ਸਿੱਖਿਆ ਇਸ ਤਰ੍ਹਾਂ ਦੀ ਹੋਵੇ ਤਾਕਿ ਇਹ ਜ਼ਿੰਦਗੀ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਦਾ ਅਸਾਨੀ ਨਾਲ ਸਾਹਮਣਾ ਕਰ ਸਕਣ ਅਤੇ ਸਮੱਸਿਆਵਾਂ ਨੂੰ ਸੁਲਝਾਉਣ ਦੇ ਯੋਗ ਬਣ ਸਕਣ। ਮਾਪੇ ਅਤੇ ਅਧਿਆਪਕ ਇਨ੍ਹਾਂ ਕਿਸ਼ੋਰਾਂ ਦੀ ਜ਼ਿੰਦਗੀ ਨੂੰ ਇਕ ਸਫਲ ਜ਼ਿੰਦਗੀ ਬਣਾਉਣ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ ਜਿਸ ਲਈ ਉਨ੍ਹਾਂ ਨੂੰ ਕਿਸ਼ੋਰਾਂ ਦੀਆਂ ਆਮ ਵਿਸ਼ੇਸ਼ਤਾਵਾਂ, ਜ਼ਰੂਰਤਾਂ ਅਤੇ ਸਮੱਸਿਆਵਾਂ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ।

### 1.4.3 ਕਿਸ਼ੋਰ ਅਵਸਥਾ (Adolescence)

ਅੰਗ੍ਰੇਜ਼ੀ ਵਿਚ ਕਿਸ਼ੋਰ ਨੂੰ Adolescent ਕਿਹਾ ਜਾਂਦਾ ਹੈ ਜਿਹੜਾ ਕਿ ਲਾਤੀਨੀ ਭਾਸ਼ਾ ਦੇ ਸ਼ਬਦ adolescere (ਅਡੋਲੀਸੀਅਰ) ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੈ ''ਪ੍ਰਪੱਕਤਾ ਤੱਕ ਵਧਣਾ''। ਇਸ ਲਈ ਆਮ ਤੌਰ ਤੇ ਇਸ ਨੂੰ ਅਤੀ ਦੇ ਵਾਧੇ ਦਾ ਸਮਾਂ ਵੀ ਗਿਣਿਆ ਜਾਂਦਾ ਹੈ ਜਿਸ ਵਿਚ ਕਿ ਸਰੀਰਕ, ਮਾਨਸਿਕ, ਭਾਵਾਤਮਕ ਅਤੇ ਸਮਾਜਿਕ ਵਿਕਾਸ ਬਹੁਤ ਉੱਚੀ ਪੱਧਰ ਦਾ ਹੁੰਦਾ ਹੈ। ਕਿਉਂਕਿ ਇਹ ਵਾਧਾ ਹਰ ਪ੍ਰਕਾਰ ਨਾਲ ਹੁੰਦਾ ਹੈ ਤੇ ਇਸ ਦੇ ਵੱਖ-ਵੱਖ ਪੱਖਾਂ ਵਿਚ ਸੰਤੁਲਨ ਨਹੀ ਰਹਿੰਦਾ, ਇਸ ਕਰਕੇ ਇਸ ਨੂੰ ਰੌਲੇ-ਗੌਲੇ ਦਾ, ਅਸੰਤੁਲਨ ਪੈਦਾ ਕਰਨ ਵਾਲਾ ਤੇ ਤੂਫ਼ਾਨੀ ਅਵਸਥਾ ਦਾ ਸਮਾਂ ਵੀ ਕਿਹਾ ਜਾਂਦਾ ਹੈ।

**ਪਰਿਭਾਸ਼ਾ** – ਫਰਸੋਲਡ (Forsold) ਅਨੁਸਾਰ ''ਕਿਸ਼ੋਰ ਅਵਸਥਾ ਉਮਰ ਦੇ ਉਹ ਸਾਲ ਹੁੰਦੇ ਹਨ ਜਿਸ ਵਿਚ ਕਿ ਲੜਕੇ ਤੇ ਲੜਕੀਆਂ ਬਚਪਨ ਤੋਂ ਬਾਲਪਨ ਵੱਲ ਮਾਨਸਿਕ, ਭਾਵੁਕ, ਸਮਾਜਿਕ ਤੇ ਸਰੀਰਕ ਤੌਰ ਤੇ ਜਾਂਦੇ ਹਨ।'' (Adolescence is the span of years during which boys and girls move from childhood to adulthood, mentally, emotionally, socially and physically).

ਪਿਆਜੇ (Piaget) ਦਾ ਸਿਧਾਂਤ ਹੈ, ''ਕਿਸ਼ੋਰ ਅਵਸਥਾ ਉੱਚੇ ਆਦਰਸ਼ਾਂ ਨੂੰ ਤੇ ਥੀਊਰੀਆਂ ਬਨਾਉਣ ਦੇ ਆਰੰਭ ਨੂੰ ਅਤੇ ਸਾਦੇ ਤੌਰ ਤੇ ਅਸਲੀਅਤ ਨੂੰ ਅਪਨਾਉਣ ਦਾ ਸਮਾਂ ਹੁੰਦਾ ਹੈ। (Adolescence is the age of great ideals and beginning of theories as well as time of simple adaptation of reality).

ਇਕ ਪ੍ਰਸਿੱਧ ਮਨੋਵਿਗਿਆਨੀ ਸਟੈਨਲੇ (Stenley) ਦੇ ਅਨੁਸਾਰ, ''ਕਿਸ਼ੋਰ ਅਵਸਥਾ ਤਣਾਉ ਅਤੇ ਦਬਾਉ ਜਾਂ ਤੁਫਾਨ ਅਤੇ ਸੰਘਰਸ਼ ਦਾ ਸਮਾਂ ਹੈ।'' ਇਸ ਅਵਸਥਾ ਵਿਚ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ ਵਿਕਾਸ ਹੁੰਦਾ ਹੈ।

#### 1.4.3.1 ਕਿਸ਼ੋਰ ਅਵਸਥਾ ਵਿੱਚ ਸਰੀਰਕ ਵਿਕਾਸ (Physical development in Adolescence)

ਇਸ ਅਵਸਥਾ ਦੇ ਸ਼ੁਰੂ ਵਿਚ ਭਾਵ ਬਾਰ੍ਹਵੇਂ ਸਾਲ ਵਿੱਚ ਸਰੀਰਕ ਵਾਧਾ ਬਹੁਤ ਤੇਜ਼ੀ ਨਾਲ ਹੁੰਦਾ ਹੈ। ਸਰੀਰ ਦੇ ਸਾਰੇ ਹਿੱਸੇ ਇਕਸਾਰਤਾ ਨਾਲ ਜਾਂ ਕਿਸੇ ਅਨੁਪਾਤਕ ਤੌਰ ਤੇ ਨਹੀ ਵੱਧਦੇ ਪਰ ਮੁੰਡਿਆਂ ਅਤੇ ਕੁੜੀਆਂ ਦੋਹਾਂ ਦਾ ਸਰੀਰਕ ਵਿਕਾਸ ਬਹੁਤ ਤੇਜ਼ੀ ਨਾਲ ਹੁੰਦਾ ਹੈ। ਭਾਵੇਂ ਇਹ ਵਾਧੇ ਦੀ ਦਰ ਜ਼ਿਆਦਾਤਰ ਉਘੜ-ਦੁਘੜ ਹੁੰਦੀ ਹੈ।

1. **ਕੱਦ ਅਤੇ ਭਾਰ ਵਿੱਚ ਵਾਧਾ** : ਕਿਸ਼ੋਰ ਅਵਸਥਾ ਵਿਚ ਕੱਦ ਤੇਜ਼ੀ ਨਾਲ ਵੱਧਦਾ ਹੈ। ਇਸੇ ਅਵਸਥਾ ਵਿਚ ਹੀ ਵਿਅਕਤੀ ਦੀ ਲੰਬਾਈ ਤੇ ਉਸ ਦਾ ਅਕਾਰ ਆਪਣੀ ਵੱਧ ਤੋਂ ਵੱਧ ਹੱਦ ਤੱਕ ਪਹੁੰਚ ਜਾਂਦਾ ਹੈ। ਕਿਸ਼ੋਰ ਦਾ ਸਰੀਰਕ ਭਾਰ, ਉਸਦੀ ਉਚਾਈ ਦੀ ਗਤੀ ਨਾਲ ਮੇਲ ਨਹੀ ਖਾਂਦਾ। ਇਸ ਲਈ ਉਹ ਪਤਲੇ ਦਿਖਾਈ ਦਿੰਦੇ ਹਨ। 12 ਤੋਂ 13 ਸਾਲ ਦੀ ਅਵਸਥਾ ਵਿੱਚ ਲੜਕੀਆਂ, ਲੜਕਿਆਂ ਨਾਲੋਂ ਜ਼ਿਆਦਾ ਲੰਬੀਆਂ ਅਤੇ ਭਾਰੀ ਦਿਸਦੀਆਂ ਹਨ ਕਿਉਂਕਿ ਉਹ ਲੜਕਿਆਂ ਨਾਲੋਂ ਛੇਤੀ ਵੱਧਣਾ ਸ਼ੁਰੂ ਕਰ ਦਿੰਦੀਆਂ ਹਨ। ਇਹੀ ਕਾਰਨ ਹੈ ਕਿ ਇਸ ਉਮਰ ਵਿੱਚ ਲੜਕੀਆਂ ਆਪਣੇ ਹਮ-ਉਮਰ ਲੜਕਿਆਂ ਨੂੰ ਆਪਣੇ ਨਾਲੋਂ ਛੋਟਾ ਸਮਝਦੀਆਂ ਹਨ ਅਤੇ ਆਪਣੇ ਨਾਲੋਂ ਵੱਡੇ ਲੜਕਿਆਂ ਨਾਲ ਰਹਿਣਾ ਪਸੰਦ ਕਰਦੀਆਂ ਹਨ।

2. **ਹੱਡੀਆਂ ਅਤੇ ਪੱਠਿਆਂ ਦਾ ਤੇਜ਼ ਵਿਕਾਸ** : ਕਿਸ਼ੋਰ ਦੀਆਂ ਹੱਡੀਆਂ ਅਤੇ ਪੱਠੇ ਤੇਜ਼ੀ ਨਾਲ ਵਿਕਸਿਤ ਹੁੰਦੇ ਹਨ। ਕਿਸ਼ੋਰ ਅਵਸਥਾ ਦੇ ਅੰਤ ਤੱਕ ਉਹ ਆਪਣੇ ਅੰਤਮ ਆਕਾਰ ਨੂੰ ਗ੍ਰਹਿਣ ਕਰ ਲੈਂਦੇ ਹਨ। ਲੜਕੀਆਂ ਦੇ ਪੱਠੇ ਕੋਮਲ ਹੁੰਦੇ ਹਨ ਜਦੋਂ ਕਿ ਲੜਕਿਆਂ ਦੇ ਪੱਠੇ ਸਖਤ ਅਤੇ ਮਜ਼ਬੂਤ ਹੋ ਜਾਂਦੇ ਹਨ।

3. **ਸਰੀਰਕ ਅਨੁਪਾਤਾਂ ਵਿੱਚ ਪਰਿਵਰਤਨ** : ਸਰੀਰ ਦੇ ਭਿੰਨ-ਭਿੰਨ ਅੰਗ ਵੱਖ-ਵੱਖ ਅਨੁਪਾਤ ਨਾਲ ਵੱਧਦੇ ਹਨ। ਵੱਖ-ਵੱਖ ਗਤੀ ਨਾਲ ਆਪਣੀ ਅੰਤਿਮ ਹਾਲਤ ਨੂੰ ਪਹੁੰਚਦੇ ਹਨ। ਬਾਹਾਂ ਅਤੇ ਲੱਤਾਂ ਲੰਬੀਆਂ ਹੋ ਜਾਂਦੀਆਂ ਹਨ। ਹੱਥ ਅਤੇ ਪੈਰ ਵੱਡੇ ਹੋ ਜਾਂਦੇ ਹਨ ਅਤੇ ਧੜ੍ਹ ਵੀ ਆਪਣੀ ਲੰਬਾਈ ਵਿੱਚ ਵੱਧਣ ਲੱਗਦਾ ਹੈ। ਪੇਟ ਦਾ ਹੇਠਲਾ ਹਿੱਸਾ ਚੌੜਾ ਹੋਣ ਲੱਗਦਾ ਹੈ। ਚਿਹਰੇ ਦੇ ਆਕਾਰ ਵਿਚ ਪਰਿਵਰਤਨ ਆ ਜਾਂਦਾ ਹੈ। ਨੱਕ ਲੰਬਾ ਹੋ ਕੇ ਅੰਤਿਮ ਰੂਪ ਧਾਰਨ ਕਰ ਲੈਂਦਾ ਹੈ। ਮੱਥਾ ਚੌੜਾ ਹੋ ਜਾਂਦਾ ਹੈ ਸਰੀਰਕ ਅੰਗਾਂ ਦਾ ਅਨੁਪਾਤ ਬਦਲਣ ਲੱਗਦਾ ਹੈ। ਇਸ ਲਈ ਕਿਸ਼ੋਰ ਅਵਸਥਾ ਵਿਚ ਬੱਚਾ ਆਪਣੇ-ਆਪ ਨੂੰ ਭੱਦਾ ਅਤੇ ਬੇ-ਢੰਗਾ ਮਹਿਸੂਸ ਕਰਦਾ ਹੈ।

4. **ਆਵਾਜ਼ ਵਿਚ ਤਬਦੀਲੀ** : ਕਿਸ਼ੋਰ ਅਵਸਥਾ ਵਿੱਚ ਲੜਕੇ ਅਤੇ ਲੜਕੀਆਂ ਦੋਹਾਂ ਦੀ ਆਵਾਜ਼ ਵਿੱਚ ਸਪੱਸ਼ਟ

ਰੂਪ ਵਿੱਚ ਤਬਦੀਲੀ ਆ ਜਾਂਦੀ ਹੈ। ਮੁੰਡਿਆਂ ਦੀ ਆਵਾਜ਼ ਗਹਿਰੀ ਅਤੇ ਤੇਜ਼ ਹੋ ਜਾਂਦੀ ਹੈ ਅਤੇ ਲੜਕੀਆਂ ਦੀ ਆਵਾਜ਼ ਪਤਲੀ ਅਤੇ ਮਿੱਠੀ ਹੋ ਜਾਂਦੀ ਹੈ।

5. **ਲਿੰਗੀ ਅੰਗਾਂ ਦੇ ਆਕਾਰ ਵਿੱਚ ਵਾਧਾ** : ਕਿਸ਼ੋਰ ਅਵਸਥਾ ਵਿਚ ਮੁੰਡਿਆਂ ਦੇ ਬਾਹਰਲੇ ਲਿੰਗ ਅੰਗਾਂ ਵਿੱਚ ਕਾਫੀ ਵਾਧਾ ਹੁੰਦਾ ਹੈ। ਆਮ ਤੌਰ ਤੇ ਲਿੰਗ ਵਾਧੇ ਤੋਂ ਪਹਿਲਾਂ ਅੰਡਕੋਸ਼ਾਂ ਵਿੱਚ ਵਾਧਾ ਦਿਖਾਈ ਦੇਣ ਲੱਗਦਾ ਹੈ। ਖੱਬਾ ਅੰਡਕੋਸ਼ ਆਮ ਕਰਕੇ ਹੇਠਾਂ ਵੱਲ ਜ਼ਿਆਦਾ ਲਟਕ ਜਾਂਦਾ ਹੈ ਅਤੇ ਸੱਜੇ ਅੰਡਕੋਸ਼ ਨਾਲੋਂ ਵੱਡਾ ਹੁੰਦਾ ਹੈ। ਲਿੰਗੀ ਅੰਗਾਂ ਦੇ ਵਾਧੇ ਕਾਰਨ ਲੜਕਿਆਂ ਤੇ ਕਈ ਕਿਸਮ ਦੇ ਮਨੋਵਿਗਿਆਨਕ ਪ੍ਰਭਾਵ ਪੈ ਸਕਦੇ ਹਨ।

6. **ਛਾਤੀ ਦਾ ਵਿਕਾਸ ਅਤੇ ਪੈਲਵਿਸ ਵਿੱਚ ਵਾਧਾ** : ਕਿਸ਼ੋਰ ਅਵਸਥਾ ਵਿੱਚ ਲੜਕੀਆਂ ਦੀ ਛਾਤੀ ਦਾ ਵਿਕਾਸ ਤੇ ਪੈਲਵਿਸ ਦਾ ਵਾਧਾ ਅਜਿਹੇ ਪਰਿਵਰਤਨ ਹਨ ਜੋ ਉਨ੍ਹਾਂ ਦੇ ਸਰੀਰਕ ਵਾਧੇ ਉੱਤੇ ਪ੍ਰਭਾਵ ਪਾਉਂਦੇ ਹਨ।

7. **ਰਾਤ ਨੂੰ ਵੀਰਜ-ਪਾਤ ਅਤੇ ਮਾਂਹਵਾਰੀ** : ਕਿਸ਼ੋਰ ਅਵਸਥਾ ਵਿੱਚ ਕਾਮ ਗਲੈਂਡ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ। ਲੜਕਿਆਂ ਵਿੱਚ ਵੀਰਜ ਬਣਨਾ ਸ਼ੁਰੂ ਹੋ ਜਾਂਦਾ ਹੈ ਅਤੇ ਲੜਕੀਆਂ ਵਿੱਚ ਮਾਂਹਵਾਰੀ ਸ਼ੁਰੂ ਹੋ ਜਾਂਦੀ ਹੈ, ਜਿਸ ਕਰਕੇ ਉਨ੍ਹਾਂ ਦੇ ਮਨ ਵਿੱਚ ਡਰ ਅਤੇ ਬੇਚੈਨੀ ਪੈਦਾ ਹੋ ਜਾਂਦੀ ਹੈ।

8. **ਵਾਲਾਂ ਵਿਚ ਵਾਧਾ** : ਪੇਟ ਦੇ ਹੇਠਲੇ ਖੇਤਰ ਵਿੱਚ, ਬਗਲਾਂ ਵਿੱਚ, ਲੱਤਾਂ, ਪੱਟਾਂ ਅਤੇ ਬਾਹਾਂ ਉੱਤੇ ਵਾਲ ਉੱਗਣ ਲੱਗਦੇ ਹਨ। ਲੜਕਿਆਂ ਨੂੰ ਦਾੜ੍ਹੀ ਮੁੱਛਾਂ ਆਉਣ ਲੱਗਦੀਆਂ ਹਨ।

9. **ਨਬਜ਼ ਦੀ ਗਤੀ ਵਿੱਚ ਵਾਧਾ** : ਸਰੀਰ ਦੇ ਹੋਰ ਅੰਗਾਂ ਵਾਂਗ ਦਿਲ ਦਾ ਆਕਾਰ ਤੇ ਭਾਰ ਵੀ ਵੱਧ ਜਾਂਦਾ ਹੈ। ਕਿਸ਼ੋਰ ਅਵਸਥਾ ਵਿੱਚ ਲੜਕਿਆਂ ਅਤੇ ਲੜਕੀਆਂ ਦੋਹਾਂ ਦੀ ਨਬਜ਼ ਦੀ ਰਫਤਾਰ ਵਿੱਚ ਵਾਧਾ ਹੋ ਜਾਂਦਾ ਹੈ ਪਰ ਜਿਉਂ-ਜਿਉਂ ਵਿਅਕਤੀ ਵੱਡਾ ਹੁੰਦਾ ਹੈ ਉਸਦੀ ਨਬਜ਼ ਦੀ ਗਤੀ ਵੀ ਘੱਟ ਹੁੰਦੀ ਜਾਂਦੀ ਹੈ।

10. **ਪਾਚਨ ਪ੍ਰਣਾਲੀ** : ਕਿਸ਼ੋਰ ਅਵਸਥਾ ਵਿੱਚ ਪਾਚਨ ਪ੍ਰਣਾਲੀ ਵਿੱਚ ਵੀ ਕਾਫੀ ਤਬਦੀਲੀ ਆਉਂਦੀ ਹੈ।

### 1.4.3.2 ਕਿਸ਼ੋਰ ਅਵਸਥਾ ਵਿੱਚ ਮਾਨਸਿਕ ਵਿਕਾਸ (Mental development in Adolescence)

ਕਿਸ਼ੋਰ ਅਵਸਥਾ ਵਿੱਚ ਬੱਚੇ ਦਾ ਮਾਨਸਿਕ ਵਿਕਾਸ ਅੱਗੇ ਲਿਖੇ ਅਨੁਸਾਰ ਹੁੰਦਾ ਹੈ :

1. **ਬੁੱਧੀ ਦਾ ਵਿਕਾਸ** : ਕਿਸ਼ੋਰ ਅਵਸਥਾ ਵਿੱਚ ਸਿੱਖਿਆਰਥੀ ਦੀ ਬੁੱਧੀ ਦਾ ਵੱਧ ਤੋਂ ਵੱਧ ਵਿਕਾਸ ਹੁੰਦਾ ਹੈ। ਤਰਕਪੂਰਨ ਚਿੰਤਨ, ਭਾਵਾਤਮਕ ਵਿਵੇਕ ਅਤੇ ਇਕਾਗਰਤਾ ਵਰਗੀਆਂ ਮਾਨਸਿਕ ਵਿਸ਼ੇਸ਼ਤਾਵਾਂ ਇਸੇ ਅਵਸਥਾ ਵਿਚ ਪੈਦਾ ਹੁੰਦੀਆਂ ਹਨ। ਇਸ ਅਵਸਥਾ ਵਿੱਚ ਬੁੱਧੀ ਆਪਣੇ ਸਿਖਰ ਤੇ ਪਹੁੰਚ ਜਾਂਦੀ ਹੈ। ਇਹ ਕਿਹਾ ਜਾ ਸਕਦਾ ਹੈ ਕਿ ਸ਼ਿਸ਼ੂਕਾਲ ਇੰਦਰੀ ਬੋਧ ਅਵਸਥਾ ਹੈ। ਬਚਪਨ ਯਾਦ ਕਰਨ ਅਤੇ ਸੰਗ੍ਰਹਿ ਕਰਨ ਦੀ ਅਵਸਥਾ ਹੈ ਪਰ ਕਿਸ਼ੋਰ ਅਵਸਥਾ ਪੂਰਨ ਚਿੰਤਨ, ਵਿਵੇਕਸ਼ੀਲਤਾ ਅਤੇ ਡੂੰਘੇ ਵਿਚਾਰਾਂ ਦੀ ਅਵਸਥਾ ਹੁੰਦੀ ਹੈ। ਸਿਖਿਆਰਥੀ ਦੀ ਦਲੀਲ ਸ਼ਕਤੀ ਦਾ ਵਿਕਾਸ ਹੋਣ ਕਰਕੇ ਉਹ ਪ੍ਰਸ਼ਨਾਂ ਦਾ ਵਿਗਿਆਨਕ ਉੱਤਰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਉਸ ਦੀ ਆਲੋਚਨਾਤਮਕ ਅਤੇ ਨਿਰੀਖਣ ਸ਼ਕਤੀ ਦਾ ਵਿਕਾਸ ਹੁੰਦਾ ਹੈ।

2. **ਯਾਦ ਸ਼ਕਤੀ ਦਾ ਵਿਕਾਸ** : ਕਿਸ਼ੋਰ ਅਵਸਥਾ ਵਿਚ ਯਾਦ ਸ਼ਕਤੀ ਦਾ ਵੀ ਵਿਕਾਸ ਹੁੰਦਾ ਹੈ ਅਤੇ ਇਹ ਸ਼ਕਤੀ ਤਰਕ-ਪੂਰਣ ਢੰਗ ਨਾਲ ਕੰਮ ਕਰਨ ਲੱਗਦੀ ਹੈ। ਹੋਰ ਅਵਸਥਾਵਾਂ ਨਾਲੋਂ ਇਸ ਅਵਸਥਾ ਵਿਚ ਯਾਦ-ਸ਼ਕਤੀ ਚੰਗੀ ਹੁੰਦੀ ਹੈ।

3. **ਕਲਪਨਾ ਦਾ ਵਿਕਾਸ** : ਕਿਸ਼ੋਰ ਅਵਸਥਾ ਵਿੱਚ ਸਿੱਖਿਆਰਥੀ ਦੀ ਕਲਪਨਾ ਸ਼ਕਤੀ ਬਹੁਤ ਹੁੰਦੀ ਹੈ। ਲੇਖਕ, ਕਲਾਕਾਰ, ਸੰਗੀਤਕਾਰ, ਕਵੀ ਅਤੇ ਦਾਰਸ਼ਨਿਕ ਇਸੇ ਅਵਸਥਾ ਵਿੱਚ ਪੈਦਾ ਹੁੰਦੇ ਹਨ।

4. **ਨਾਇਕ ਪੂਜਾ** : ਕਿਸ਼ੋਰ ਅਵਸਥਾ ਵਿਚ ਨਾਇਕ ਪੂਜਾ ਬਹੁਤ ਹੀ ਅਹਿਮ ਸਥਾਨ ਰੱਖਦੀ ਹੈ। ਕਿਸ਼ੋਰ ਆਪਣੇ ਆਦਰਸ਼ ਪੁਰਖ ਜਾਂ ਆਦਰਸ਼ ਨਾਰੀ ਦੀ ਪੂਜਾ ਕਰਦੇ ਹਨ। ਉਸਦੇ ਅਨੁਕੂਲ ਬਣਨ ਦੀ ਕੋਸ਼ਿਸ਼ ਕਰਦੇ ਹਨ। ਇਹ ਨਾਇਕ ਰਾਜਸੀ ਜਾਂ ਧਾਰਮਿਕ ਨੇਤਾ ਵੀ ਹੋ ਸਕਦੇ ਹਨ ਅਤੇ ਕਲਾਕਾਰ, ਵਿਗਿਆਨੀ ਜਾਂ ਅਧਿਆਪਕ ਵੀ ਹੋ ਸਕਦਾ ਹੈ।

5. **ਰੁਚੀਆਂ ਦਾ ਵਿਸਥਾਰ** : ਕਿਸ਼ੋਰਾਂ ਦੀਆਂ ਕੁੱਝ ਰੁੱਚੀਆਂ ਇਸ ਪ੍ਰਕਾਰ ਹੁੰਦੀਆਂ ਹਨ। ਖੇਡਾਂ ਵਿਚ ਰੁਚੀ, ਸਮਾਜਿਕ ਰੁਚੀਆਂ, ਵਿਅਕਤੀਗਤ ਰੁਚੀਆਂ, ਪੇਸ਼ੇਵਰ ਰੁਚੀਆਂ, ਲਿੰਗ ਰੁਚੀਆਂ ਆਦਿ। ਕਿਸ਼ੋਰ ਆਪਣੇ ਭਵਿੱਖ ਅਤੇ ਅਪਣਾਏ ਜਾਣ ਵਾਲੇ ਪੇਸ਼ੇ ਪ੍ਰਤੀ ਗੰਭੀਰਤਾ ਨਾਲ ਸੋਚਦੇ ਹਨ। ਉਹ ਪੈਸੇ ਪ੍ਰਤੀ ਵਿਸ਼ੇਸ਼ ਰੁਚੀ ਦਿਖਾਉਂਦੇ ਹਨ। ਕਿਸ਼ੋਰ

ਉਮਰ ਵਿੱਚ ਉਹ ਆਪਣੇ ਆਪ ਨੂੰ ਸੁੰਦਰ ਬਣਾਉਣ ਵਿੱਚ ਵੀ ਦਿਲਚਸਪੀ ਲੈਂਦੇ ਹਨ।

**1.4.3.3 ਕਿਸ਼ੋਰ ਅਵਸਥਾ ਵਿੱਚ ਭਾਵਾਤਮਕ ਵਿਕਾਸ**

(Emotional Development in Adolescence)

**(i) ਤੁਫਾਨਾਂ ਭੁਚਾਲਾਂ ਦਾ ਦੌਰ (Period of Stress and Strain) :** ਇਸ ਉਮਰ ਵਿੱਚ ਵਿਅਕਤੀਆਂ ਦੀਆਂ ਭਾਵਨਾਵਾਂ ਬਹੁਤ ਪ੍ਰਫੁਲਤ ਹੁੰਦੀਆਂ ਹਨ। ਉਹ ਕਈ ਵਾਰ ਤਾਂ ਭਾਵਨਾਵਾਂ ਵਿੱਚ ਹੀ ਬਹਿ ਜਾਂਦਾ ਹੈ। ਉਸ ਵਿੱਚ ਬੜਾ ਜੋਸ਼ ਹੁੰਦਾ ਹੈ। ਉਹ ਬੇਤਾਬ ਰਹਿੰਦਾ ਹੈ, ਭਾਵੁਕ ਹੁੰਦਾ ਹੈ ਤੇ ਭਾਵਨਾਵਾਂ ਨੂੰ ਦਰਸਾਉਂਦਾ ਵੀ ਹੈ। ਇਸ ਉਮਰ ਵਿਚ ਵੀ ਗੋਦ ਅਵਸਥਾ ਵਾਂਗ ਭਾਵਨਾਵਾਂ ਦੀ ਤੀਬਰਤਾ ਬਹੁਤ ਹੁੰਦੀ ਹੈ।

ਇਸ ਉਮਰ ਵਿੱਚ ਜੇ ਉਹ ਪਿਆਰ ਕਰਦਾ ਹੈ ਤਾਂ ਵੀ ਅਤਿ ਦਾ ਕਰਦਾ ਹੈ ਤੇ ਜੇ ਨਫਰਤ ਕਰਦਾ ਹੈ ਤਾਂ ਵੀ ਅਤਿ ਦੀ ਕਰਦਾ ਹੈ। ਉਸ ਦੀਆਂ ਭਾਵਨਾਵਾਂ ਵੀ ਜਲਦੀ-ਜਲਦੀ ਬਣਦੀਆਂ ਰਹਿੰਦੀਆਂ ਹਨ।

**(ii) ਪਿਆਰ ਦਾ ਪ੍ਰਗਟਾਵਾ** : ਲਿੰਗ ਸੰਬੰਧੀ ਇੰਦਰੀਆਂ ਵਿੱਚ ਪਰਪੱਕਤਾ ਆਉਣ ਦੇ ਕਾਰਨ ਇਸ ਉਮਰ ਵਿੱਚ ਪਿਆਰ ਪ੍ਰਧਾਨ ਰਹਿੰਦਾ ਹੈ। ਇਸ ਉਮਰ ਦੇ ਪਿਆਰ ਵਿਚ ਸਵਾਰਥ ਨਹੀ ਹੁੰਦਾ। ਇਸ ਉਮਰ ਵਿਚ ਪੱਕੀਆਂ ਦੋਸਤੀਆਂ ਬਣਦੀਆਂ ਹਨ।

ਕਿਸ਼ੋਰ ਅਵਸਥਾ ਦੇ ਪਹਿਲੇ ਸਾਲਾਂ ਵਿਚ ਮੁੰਡਿਆਂ ਦਾ ਪਿਆਰ ਮੁੰਡਿਆਂ ਨਾਲ ਤੇ ਕੁੜੀਆਂ ਦਾ ਕੁੜੀਆਂ ਨਾਲ ਹੁੰਦਾ ਹੈ, ਪਰ ਜਲਦੀ ਹੀ ਮੁੰਡਿਆਂ ਦਾ ਪਿਆਰ ਕੁੜੀਆਂ ਵਲ ਝਾਕਣ ਲੱਗ ਜਾਂਦਾ ਹੈ ਅਤੇ ਕੁੜੀਆਂ ਵੀ ਮੁੰਡਿਆਂ ਵਲ ਖਿੱਚੀਆਂ ਜਾਂਦੀਆਂ ਹਨ। ਕਈ ਵਾਰ ਇਸ ਦਾ ਨਤੀਜਾ ਭੈੜੇ ਅਨੈਤਿਕ ਸਮਾਜਕ ਰਿਸ਼ਤੇ ਹੋ ਜਾਂਦਾ ਹੈ।

**(iii) ਭਾਵੁਕ ਜੀਵਨ** : ਇਸ ਉਮਰ ਵਿੱਚ ਭਾਵੁਕਤਾ ਪ੍ਰਧਾਨ ਹੁੰਦੀ ਹੈ। ਕਿਸ਼ੋਰ ਜਲਦੀ ਭਾਵੁਕ ਹੋ ਜਾਂਦੇ ਹਨ। ਰੌਸ (Ross) ਦਾ ਸਿਧਾਂਤ ਹੈ ਕਿ ਕਿਸ਼ੋਰ ਆਪਣੀਆਂ ਭਾਵਨਾਵਾਂ ਨੂੰ ਦਰਸ਼ਾਉਣ ਵਿੱਚ ਪਰਪੱਕ ਨਹੀ ਹੁੰਦੇ। ਉਨ੍ਹਾਂ ਦਾ ਮੂਡ ਛੇਤੀ ਬਦਲਦਾ ਰਹਿੰਦਾ ਹੈ। ਇਸ ਦੀਆਂ ਕੁਝ ਉਦਾਹਰਨਾਂ ਇਸ ਨੂੰ ਸਪੱਸ਼ਟ ਕਰਨਗੀਆਂ।

**(ੳ) ਗੁੱਸਾ** : ਕਿਸ਼ੋਰ ਦਾ ਵਿਹਾਰ ਆਪਾ ਪ੍ਰਧਾਨ ਹੁੰਦਾ ਹੈ। ਜੇ ਉਹ ਕੋਈ ਕੰਮ ਕਰ ਰਿਹਾ ਹੁੰਦਾ ਹੈ ਤੇ ਉਸ ਨਾਲ ਗੱਲ ਕਰ ਲਉ ਤਾਂ ਉਹ ਗੁੱਸਾ ਕਰਦਾ ਹੈ। ਜੇ ਉਸ ਦੇ ਹਾਲਾਤ ਉਸ ਦੀ ਇੱਛਿਆ ਅਨੁਸਾਰ ਨਾ ਹੋਣ ਤਾਂ ਵੀ ਉਹ ਗੁੱਸੇ ਹੋ ਜਾਂਦਾ ਹੈ।

ਉਸ ਨੂੰ ਬਹੁਤ ਵਾਰ ਦੁਖਦਾਈ ਹੋਣਾ ਪੈਂਦਾ ਹੈ ਜਦੋਂ ਮਾਪੇ, ਅਧਿਆਪਕ ਜਾਂ ਸਮਾਜ ਉਨ੍ਹਾਂ ਉਪਰ ਕੋਈ ਪਾਬੰਦੀਆਂ ਲਗਾਉਂਦੇ ਹਨ। ਆਮ ਕਰਕੇ ਕੁੜੀਆਂ ਬਹੁਤ ਦੁਖੀ ਹੁੰਦੀਆਂ ਹਨ ਜਦੋਂ ਸਮਾਜ ਉਨ੍ਹਾਂ ਉਪਰ ਕੋਈ ਪਾਬੰਦੀਆਂ ਲਗਾਉਂਦਾ ਹੈ। ਇਹ ਗੁੱਸਾ ਵਿਅਕਤੀ ਦੇ ਸੁਭਾਅ ਨਾਲ ਚੱਲਦਾ ਹੈ।

**(ਅ) ਡਰ** : ਉਮਰ ਦੀ ਪਰਪੱਕਤਾ ਨਾਲ ਉਹ ਡਰ ਨੂੰ ਭਲੀ-ਭਾਂਤੀ ਸਮਝਣ ਲਗ ਜਾਂਦਾ ਹੈ। ਉਸਦਾ ਬਚਪਨ ਦਾ ਡਰ ਖਤਮ ਹੋ ਜਾਂਦਾ ਹੈ। ਉਸ ਨੂੰ ਸਮਾਜਿਕ ਅੰਸਰਾਂ ਦਾ ਡਰ ਤੰਗ ਕਰਦਾ ਹੈ।

**(ੲ) ਪਿਆਰ** : ਕਿਸ਼ੋਰਾਂ ਵਿਚ ਪਿਆਰ ਦਾ ਘੇਰਾ ਵੱਧ ਜਾਂਦਾ ਹੈ। ਉਹ ਘਰ ਤੋਂ ਬਾਹਰਲੇ ਵਿਅਕਤੀਆਂ ਵਿੱਚ ਪਿਆਰ ਬਣਾਉਂਦਾ ਹੈ। ਉਹ ਦੋਸਤਾਂ ਨਾਲ ਡੂੰਘਾ ਪਿਆਰ ਕਰਦਾ ਹੈ ਤੇ ਉਨ੍ਹਾਂ ਦੀ ਸੰਗਤ ਅਤੇ ਉਨ੍ਹਾਂ ਨਾਲ ਸੈਰ-ਸਪਾਟਾ ਕਰਨਾ ਪਸੰਦ ਕਰਦਾ ਹੈ। ਇਸ ਅਵਸਥਾ ਦੇ ਅੰਤ ਵਿਚ ਕਈ ਵਾਰ ਉਹ ਦੂਸਰੇ ਲਿੰਗ ਦੇ ਕਿਸੇ ਵਿਅਕਤੀ ਵਲ ਖਿੱਚਿਆ ਜਾਂਦਾ ਹੈ ਜਿਸ ਵਲ ਉਹ ਵਧੇਰੇ ਭਾਵੁਕ ਹੋ ਨਿਬੜਦਾ ਹੈ। ਇਸ ਦੇ ਸਿੱਟੇ ਵਜੋਂ ਪਿਆਰ, ਵਿਆਹ, ਜੋੜ-ਤੋੜ, ਅਣਵਿਆਹੇ ਪਿਆਰ ਦੀ ਸਮੱਸਿਆ, ਕਈ ਵਾਰ ਖੁਦਕੁਸ਼ੀ ਤਕ ਵੀ ਨੌਬਤ ਪਹੁੰਚ ਜਾਂਦੀ ਹੈ।

**(iv) ਘਬਰਾਹਟ ਦਾ ਨਤੀਜਾ** : ਜਿਹੜੇ ਕਿਸ਼ੋਰ ਭਾਵੁਕਤਾ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ। ਆਮ ਤੌਰ 'ਤੇ ਉਹ ਮੂੰਹ ਨਾਲ ਨਹੂੰ ਕੱਟਦੇ ਹਨ, ਅੰਗੂਠਾ ਚੂਪਦੇ ਹਨ, ਬੁੱਲ ਕੱਟਦੇ ਹਨ, ਨੱਕ ਨੂੰ ਵਾਰ-ਵਾਰ ਖੁੱਰੇਦਦੇ ਹਨ, ਸਿਰ ਨੂੰ ਵਾਰ-ਵਾਰ ਖੁਰਕਦੇ ਹਨ, ਵਾਲਾਂ ਨੂੰ ਵਾਰ-ਵਾਰ ਠੀਕ ਕਰਦੇ ਹਨ ਤੇ ਵਾਰ ਵਾਰ ਮੂੰਹ ਤੇ ਹੱਥ ਫੇਰਦੇ ਹਨ। ਅਧਿਆਪਕਾਂ ਨੂੰ ਅਜਿਹੇ ਵਿਦਿਆਰਥੀਆਂ ਨੂੰ ਭਾਲ ਕੇ ਉਨ੍ਹਾਂ ਦਾ ਮਾਰਗਦਰਸ਼ਨ ਕਰਨਾ ਚਾਹੀਦਾ ਹੈ।

**(v) ਕਲਪਨਾ ਸ਼ਕਤੀ** : ਸਟੈਨਲੇ ਹਾਲ (Stanley Hall) ਦਾ ਵਿਚਾਰ ਹੈ ਕਿ ਇਸ ਉਮਰ ਵਿਚ ਕਲਪਨਾ ਸ਼ਕਤੀ ਦਾ ਜਨਮ ਹੁੰਦਾ ਹੈ। ਉਹ ਇਕ ਪ੍ਰਕਾਰ ਦਾ ਸ਼ੇਖਚਿਲੀ ਹੀ ਬਣ ਜਾਂਦਾ ਹੈ। ਖਿਆਲੀ ਪਲਾਓ ਪਕਾਉਂਦਾ ਹੈ ਤੇ ਹਵਾਈ ਕਿਲ੍ਹੇ ਬਣਾਉਂਦਾ ਹੈ। ਉਹ ਆਪਣੇ ਆਪ ਨੂੰ ਸ਼ਕਤੀਸ਼ਾਲੀ ਤੇ ਧਨਾਢ ਸਮਝਣ ਲੱਗ ਜਾਂਦਾ ਹੈ। ਉਹ ਬਹੁਤ ਉੱਚੇ ਉੱਚੇ

ਸੁਪਨੇ ਲੈਂਦਾ ਹੈ। ਇਕ ਸੁਲਝਿਆ ਹੋਇਆ ਅਧਿਆਪਕ ਇਸ ਗੱਲ ਨੂੰ ਵੀ ਸਮਝਦਾ ਹੀ ਹੁੰਦਾ ਹੈ ਕਿ ਦੁਨੀਆਂ ਭਰ ਵਿਚ ਜਿੰਨੀਆਂ ਵੀ ਇਜਾਦਾਂ ਹੋਈਆਂ ਹਨ, ਪਹਿਲਾਂ ਉਨ੍ਹਾਂ ਬਾਬਤ ਵੀ ਹਵਾਈ ਕਿਲ੍ਹੇ ਹੀ ਬਣਾਏ ਗਏ ਸੀ। ਰਾਈਟ (Wright) ਭਰਾਵਾਂ ਨੇ ਵੀ ਪਹਿਲਾਂ ਹਵਾਈ ਜਹਾਜ਼ਾਂ ਦੇ ਸੁਪਨੇ ਹੀ ਬਣਾਏ ਹੋਣਗੇ ਤਾਂ ਹੀ ਉਹ ਜਹਾਜ਼ ਬਣਾ ਸਕੇ ਸੀ। ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਦੀਆਂ ਕਲਪਨਾ ਸ਼ਕਤੀਆਂ ਨੂੰ ਉਸਾਰੂ ਕੰਮ ਵਿਚ ਲਗਾਵੇ ਜਿਵੇ ਂ ਸੂਖਸ਼ਮ ਆਰਟ, ਗਾਉਣਾ, ਕਵਿਤਾ, ਨਾਵਲ, ਕਹਾਣੀਆਂ ਆਦਿ ਦਾ ਸੁਆਦ ਮਾਣਣ ਤੇ ਸਿਰਜਨਾ ਕਰਨੀ।

**(vi) ਸਮਾਜ ਸੇਵਾ** : ਇਸ ਉਮਰ ਵਿਚ ਕਿਸ਼ੋਰਾਂ ਨੂੰ ਸਮਾਜ ਸੇਵਾ ਨਾਲ ਜੋੜਨਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਆਕਾਰ ਮਿਲਣ ਦੀ ਆਸ ਵੱਧ ਜਾਂਦੀ ਹੈ। ਉਨ੍ਹਾਂ ਵਿਚ ਇਸ ਅਵਸਥਾ ਵਿੱਚ ਸੇਵਾ ਭਾਵ ਵੀ ਉਤਪੰਨ ਹੁੰਦਾ ਰਹਿੰਦਾ ਹੈ ਜੇ ਉਨ੍ਹਾਂ ਨੂੰ ਉਸ ਨਾਲ ਜੋੜ ਦਿਤਾ ਜਾਵੇ ਤਾਂ ਉਨ੍ਹਾਂ ਦੀ ਭਾਵੁਕਤਾ ਨੂੰ ਵੀ ਤੇ ਬੌਧਿਕ ਵਿਕਾਸ ਨੂੰ ਵੀ ਸੰਤੁਸ਼ਟੀ ਮਿਲਦੀ ਹੈ। ਸਕੂਲ ਸਮੁਦਾਇ ਨਾਲ ਉਨ੍ਹਾਂ ਨੂੰ ਜੋੜ ਕੇ ਲੋਕ ਭਲਾਈ ਦੇ ਕੰਮਾਂ ਲਈ ਜੋੜ ਸਕਦਾ ਹੈ। ਅਜਿਹਾ ਕਰਨ ਨਾਲ ਉਨ੍ਹਾਂ ਦੀਆਂ ਭਾਵੁਕ ਭਾਂਤ ਦੀਆਂ ਕ੍ਰਿਆਵਾਂ ਨੂੰ ਠੀਕ ਦਿਸ਼ਾ ਮਿਲ ਜਾਂਦੀ ਹੈ।

### 1.4.3.3 ਕਿਸ਼ੋਰ ਅਵਸਥਾ ਵਿਚ ਸਮਾਜਿਕ ਵਿਕਾਸ
### (Social Development in Adolescence)

**(i) ਪੱਕੇ ਸਮਾਜਿਕ ਸੰਬੰਧ ਬਨਾਉਣਾ** : ਕਿਸ਼ੋਰ ਅਵਸਥਾ ਦੀਆਂ ਦੋਸਤੀਆਂ ਬੜੀਆਂ ਪੱਕੀਆਂ ਦੋਸਤੀਆਂ ਹੁੰਦੀਆਂ ਹਨ। ਬੱਚਾ ਆਪਣੇ ਘਰ ਤੋਂ ਬਾਹਰ ਦੋਸਤਾਂ ਨਾਲ ਸੰਬੰਧ ਬਣਾਉਣੇ ਚਾਹੁੰਦਾ ਹੁੰਦਾ ਹੈ ਤੇ ਕਈ ਵਾਰ ਉਹ ਉਨ੍ਹਾਂ ਨੂੰ ਖੁਸ਼ ਕਰਨ ਲਈ ਮਾਪਿਆਂ ਦਾ ਵੀ ਕਹਿਣਾ ਨਹੀ ਮੰਨਦਾ। ਕਿਉਂਕਿ ਉਹ ਜ਼ਿਆਦਾ ਸਮਾਂ ਆਪਣੇ ਸਾਥੀ ਦੋਸਤਾਂ ਨਾਲ ਬਿਤਾਉਂਦਾ ਹੈ ਇਸ ਲਈ ਉਹ ਉਨ੍ਹਾਂ ਤੋਂ ਵਧੇਰੇ ਪ੍ਰਭਾਵਿਤ ਹੁੰਦਾ ਹੈ। ਖੋਜ ਨੇ ਇਹ ਸਿੱਧ ਕੀਤਾ ਹੈ ਕਿ ਸ਼ਹਿਰਾਂ ਵਿਚ ਸਾਥੀਆਂ ਦਾ ਪ੍ਰਭਾਵ ਪਿੰਡਾਂ ਦੇ ਮੁਕਾਬਲੇ ਵੱਧ ਹੁੰਦਾ ਹੈ।

**(ii) ਆਜ਼ਾਦ ਰਹਿਣਾ** : ਕਿਸ਼ੋਰ ਅਵਸਥਾ ਵਿੱਚ ਬੱਚਾ ਇਹ ਚਾਹੁੰਦਾ ਹੈ ਕਿ ਵੱਡੇ ਇਹ ਗੱਲ ਸਮਝਣ ਕਿ ਉਹ ਹੁਣ ਬੱਚਾ ਨਹੀ ਰਿਹਾ ਤੇ ਉਸਦੇ ਵਿਅਕਤੀਤਵ ਦੀ ਕਦਰ ਕਰਨ। ਜੇ ਮਾਪੇ ਉਸ ਉਪਰ ਆਪਣੇ ਵਿਚਾਰ ਥੋਪਦੇ ਹੀ ਰਹਿਣ ਤਾਂ ਉਹ ਉਨ੍ਹਾਂ ਨਾਲ ਆਪਣੇ ਸੰਬੰਧ ਖਰਾਬ ਵੀ ਕਰ ਸਕਦਾ ਹੁੰਦਾ ਹੈ।

**(iii) ਆਪੇ ਦੀ ਪ੍ਰਦਰਸ਼ਨੀ ਕਰਨਾ** : ਕਿਸ਼ੋਰ ਦੀ ਇਹ ਤਮੰਨਾ ਹੁੰਦੀ ਹੈ ਕਿ ਉਸ ਦੀ ਸਖ਼ਸ਼ੀਅਤ ਉਭਰੇ। ਉਹ ਆਪਣੇ-ਆਪ ਨੂੰ ਬਣਾਉਂਦਾ ਹੈ, ਸੰਵਾਰਦਾ ਹੈ ਤੇ ਅਜਿਹਾ ਕਰਨ ਲਈ ਉਹ ਖੇਡਾਂ, ਸਹਾਇਕ ਪਾਠਕ੍ਰਮ ਗਤੀਵਿਧੀਆਂ, ਹੌਬੀਆਂ ਆਦਿ ਵਿੱਚ ਰੁਚੀਆਂ ਬਣਾਉਂਦਾ ਹੈ।

**(iv) ਦੂਸਰੇ ਲਿੰਗ ਦੇ ਵਿਅਕਤੀਆਂ ਨਾਲ ਦੋਸਤੀ ਬਨਾਉਣੀ** : ਇਸ ਉਮਰ ਵਿਚ ਉਹ ਦੂਸਰੇ ਲਿੰਗ ਦੇ ਵਿਅਕਤੀਆਂ ਵਿਚ ਰੁੱਚੀ ਪ੍ਰਗਟਾਉਂਦਾ ਹੈ ਤੇ ਉਨ੍ਹਾਂ ਵਿਚ ਦੋਸਤੀ ਦਰਸਾਉਂਦਾ ਹੈ।

ਇਸ ਪੱਧਰ ਤੇ ਸਾਡੇ ਸਮਾਜ ਵਿਚ ਖਾਸ ਕਰਕੇ ਅਤੇ ਦੁਨੀਆਂ ਦੇ ਲੋਕਾਂ ਵਿੱਚ ਆਮ ਕਰਕੇ ਇਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੁੰਦੀ ਹੈ ਕਿ ਉਹ ਕਿਤੇ ਕੁਰਾਹੇ ਨਾ ਪੈ ਜਾਣ। ਇਨ੍ਹਾਂ ਭੁੱਲਾਂ ਦੇ ਕਾਰਨ ਹੀ ਸਾਡੇ ਸਮਾਜ ਵਿਚ ਗਰਭ ਗਿਰਾਉਣ, ਅਣਵਿਆਹੀਆਂ ਮਾਵਾਂ ਬਨਣ, ਆਤਸ਼ਿਕ ਸੋਜ਼ਾਖ ਵਰਗੇ ਲਾਗ ਲੱਗਣ ਤੇ ਏਡਜ਼ ਦੀ ਬੀਮਾਰੀ ਵਿਚ ਫਸਣ ਦੇ ਮੌਕੇ ਵੱਧ ਰਹੇ ਹਨ। ਇਨ੍ਹਾਂ ਹਾਲਾਤਾਂ ਵਿੱਚ ਲਿੰਗ ਸਿੱਖਿਆ ਪ੍ਰਦਾਨ ਕਰਨ ਦੀ ਲੋੜ ਹਰ ਰੋਜ਼ ਵੱਧ ਰਹੀ ਹੈ।

**(v) ਸਮਾਜਿਕ ਪਰਪੱਕਤਾ** : ਸਮਾਜ ਸਾਰੇ ਵਿਅਕਤੀਆਂ ਨੂੰ ਇਕਸਾਰ ਸਤਿਕਾਰ ਪਰਦਾਨ ਨਹੀ ਕਰਦਾ। ਉਹ ਜੋ ਸਮਾਜ ਵਿੱਚ ਆਪਣਾ ਵਿਅਕਤੀਗਤ ਤੌਰ ਤੇ ਸਥਾਨ ਨਹੀ ਬਣਾ ਸਕਦੇ ਉਨ੍ਹਾਂ ਵਿਚ ਕੁਝ ਹੀਨਤਾ ਭਾਵ ਆ ਜਾਂਦਾ ਹੈ। ਅਜਿਹੇ ਹਾਲਾਤ ਵਿੱਚ ਜਦੋਂ ਉਹ ਆਪਣਾ ਸਥਾਨ ਬਣਾਉਣ ਲਈ ਆਪਣੇ ਆਪ ਨੂੰ ਕਿਸੇ ਸਮੂਹ ਨਾਲ ਜੋੜ ਲੈਂਦਾ ਹੈ ਤੇ ਉਨ੍ਹਾਂ ਨਾਲ ਘੁਲ ਮਿਲ ਜਾਂਦਾ ਹੈ। ਉਹ ਵਿਅਕਤੀ ਜੋ ਸਮਾਜ ਵੱਲੋਂ ਸਤਿਕਾਰੇ ਜਾਂਦੇ ਹਨ ਉਹ ਆਪਣੀ ਯੋਗ ਥਾਂ ਸਮਾਜ ਵਿੱਚ ਬਣਾ ਲੈਂਦੇ ਹਨ। ਦੂਸਰਿਆਂ ਨੂੰ ਬਾਅਦ ਵਿੱਚ ਵੀ ਕੁਝ ਕਠਿਨਾਈ ਹੁੰਦੀ ਹੈ।

**(vi) ਲੀਡਰ ਬਨਣਾ** : ਕਿਸ਼ੋਰ ਅਵਸਥਾ ਵਿਚ ਹੀ ਲੀਡਰ ਬਨਣ ਦੀਆਂ ਵਿਸ਼ੇਸ਼ਤਾਈਆਂ ਬਣਾਈਆਂ ਜਾਂਦੀਆਂ ਹਨ। ਲੀਡਰ ਬਨਣ ਲਈ ਇਕ ਕਿਸ਼ੋਰ ਦੇ ਆਪਣੇ ਗਰੁੱਪ ਨੂੰ ਉਹ ਸਵੀਕਾਰ ਹੋਣਾ ਚਾਹੀਦਾ ਹੈ, ਉਸ ਵਿਚ ਲੀਡਰ ਬਨਣ ਦੀਆਂ ਖਾਸੀਅਤਾਂ ਹੋਣੀਆਂ ਚਾਹੀਦੀਆਂ ਹਨ, ਉਸ ਦੀਆਂ ਅਕਾਦਮਿਕ ਪ੍ਰਾਪਤੀਆਂ ਅਤੇ ਖੂਬਸੂਰਤ ਦੇਖਣੀ ਵੀ ਹੋਣੀ ਚਾਹੀਦੀ

ਹੈ। ਲੀਡਰ ਬਨਣ ਵਾਲੇ ਵਿਅਕਤੀ ਆਪਣੇ-ਆਪ ਵਿਚ ਵਿਸ਼ਵਾਸ ਬਣਾਉਂਦੇ ਹਨ, ਆਪਣਾ ਆਪਾ ਤੇ ਲੋਕਾਂ ਦੀ ਨਬਜ਼ ਨੂੰ ਪਹਿਚਾਨਦੇ ਹਨ। ਚੰਗੇ ਬੁਲਾਰੇ ਹੁੰਦੇ ਹਨ, ਜਲਦੀ ਫੈਸਲਾ ਕਰ ਸਕਦੇ ਹਨ। ਹਾਸਾ-ਮਖੌਲ ਕਰ ਸਕਦੇ ਹੁੰਦੇ ਹਨ ਅਤੇ ਦੂਸਰਿਆਂ ਦਾ ਸਹਿਯੋਗ ਪ੍ਰਾਪਤ ਕਰ ਸਕਦੇ ਹੁੰਦੇ ਹਨ। ਇਹ ਸਾਰੀਆਂ ਸਿਫਤਾਂ ਕਿਸ਼ੋਰਾਂ ਵਿਚ ਹੀ ਉਤਪੰਨ ਹੋ ਸਕਦੀਆਂ ਹਨ। ਕਿਸ਼ੋਰਾਂ ਵਿੱਚ ਜੋ ਲੀਡਰ ਬਣਦੇ ਹਨ ਉਨ੍ਹਾਂ ਵਿਚ ਆਮ ਵਿਸ਼ਵਾਸ਼, ਵਿਸ਼ੇਸ਼ ਪੱਧਰ ਦੀ ਜ਼ਿੰਮੇਵਾਰੀ, ਆਪਣੀ ਗੱਲ ਜ਼ੋਰ ਨਾਲ ਕਹਿ ਸਕਣ ਦੀ ਯੋਗਤਾ ਤੇ ਭਾਵੁਕ ਸਥਿਰਤਾ ਹੁੰਦੀ ਹੈ। ਉਹ ਖੁਸ਼ਗਵਾਰ ਜੀਵਨ ਬਤੀਤ ਕਰਨ ਵਾਲੇ ਵਿਅਕਤੀ ਹੁੰਦੇ ਹਨ।

### 1.4.3.5 ਕਿਸ਼ੋਰ ਅਵਸਥਾ ਦੀਆਂ ਸਮੱਸਿਆਵਾਂ (Problems of Adolescence)

ਕਿਸ਼ੋਰ ਅਵਸਥਾ ਵਿੱਚ ਵਿਕਾਸ ਦੇ ਪੱਖ ਤੇ ਬਹੁਤ ਤਬਦੀਲੀਆਂ ਹੁੰਦੀਆਂ ਹਨ। ਇਸ ਲਈ ਕਿਸ਼ੋਰ ਮੁੰਡੇ ਅਤੇ ਕੁੜੀਆਂ ਨੂੰ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਮੇਂ ਨੂੰ ਤਣਾਉ ਅਤੇ ਦਬਾਉ ਦਾ ਸਮਾਂ ਵੀ ਕਿਹਾ ਜਾਂਦਾ ਹੈ, ਕਿਉਂਕਿ ਕਿਸ਼ੋਰਾਂ ਨੂੰ ਕਈ ਪ੍ਰੇਸ਼ਾਨੀਆਂ ਅਤੇ ਤਕਲੀਫਾਂ ਆਉਂਦੀਆਂ ਹਨ। ਬਹੁਤ ਸਾਰੇ ਮਨੋਵਿਗਿਆਨੀਆਂ ਨੇ ਕਿਸ਼ੋਰਾਂ ਦੀਆਂ ਸਮੱਸਿਆਵਾਂ ਦਾ ਬਹੁਤ ਗਹੁ ਨਾਲ ਅਧਿਐਨ ਕੀਤਾ ਹੈ। ਕਿਸ਼ੋਰ ਮੁੰਡੇ ਅਤੇ ਕੁੜੀਆਂ ਦੀਆਂ ਸਮੱਸਿਆਵਾਂ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ :

1. **ਸਮਾਯੋਜਨ ਦੀਆਂ ਸਮੱਸਿਆਵਾਂ** : ਕਿਸ਼ੋਰਾਂ ਨੂੰ ਸਰੀਰਕ ਅਤੇ ਮਾਨਸਿਕ ਤਬਦੀਲੀਆਂ ਕਰਕੇ ਆਪਣੇ ਪਰਿਵਾਰ ਅਤੇ ਸਮਾਜ ਪ੍ਰਤੀ ਨਵੀਂ ਸਮਾਯੋਜਨਾ ਕਰਨੀ ਪੈਂਦੀ ਹੈ, ਜਿਸ ਕਾਰਨ ਉਨ੍ਹਾਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਕਿ :

(ੳ) ਸਰੀਰ ਵਿਚ ਬੇਢਬੇ ਵਾਧੇ ਕਰਕੇ ਮੁੰਡੇ ਅਤੇ ਕੁੜੀਆਂ ਆਪਣੇ ਸਰੀਰਕ ਸ਼ਕਲਾਂ ਸੰਬੰਧੀ ਬਹੁਤ ਚਿੰਤਤ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਕਈ ਪ੍ਰੇਸ਼ਾਨੀਆਂ ਆਉਂਦੀਆਂ ਹਨ, ਕਿਉਂਕਿ ਚੰਗੀ ਸਰੀਰਕ ਸਿਹਤ ਸਮਾਜਿਕ ਸਮਾਯੋਜਨਾ ਲਈ ਬਹੁਤ ਜ਼ਰੂਰੀ ਹੈ।

(ਅ) ਮਾਨਸਿਕ ਵਿਕਾਸ ਹੋਣ ਕਰਕੇ ਕਿਸ਼ੋਰ ਦੂਜੇ ਦੇ ਨੁਕਸ ਅਤੇ ਦੂਜਿਆਂ ਦੀ ਨੁਕਤਾਚੀਨੀ ਜ਼ਿਆਦਾ ਕਰਦਾ ਹੈ। ਸਮਾਜ ਵਿੱਚ ਬਹੁਤ ਜ਼ਿਆਦਾ ਮੁਕਾਬਲਾ ਹੋਣ ਕਾਰਨ ਉਸ ਨੂੰ ਸਮਾਯੋਜਨ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

(ੲ) ਕਿਸ਼ੋਰਾਂ ਵਿਚ ਸਰੀਰਕ ਬਣਤਰ ਵਿੱਚ ਤਬਦੀਲੀ ਕਾਰਨ ਕਈ ਤਰ੍ਹਾਂ ਦੀਆਂ ਭਾਵਾਤਮਕ ਪ੍ਰੇਸ਼ਾਨੀਆਂ ਆਉਂਦੀਆਂ ਹਨ।

(ਸ) ਕਈ ਵਾਰ ਕੁੱਝ ਕਿਸ਼ੋਰ ਵੱਧਦੀਆਂ ਲੋੜਾਂ ਕਾਰਨ ਆਪਣੇ ਘਰੇਲੂ ਹਾਲਾਤ ਵਿਚ ਆਪਣੇ ਆਪ ਨੂੰ ਸਮਾਯੋਜਿਤ ਨਹੀ ਕਰ ਸਕਦੇ ਕਿਉਂਕਿ ਮਾਪੇ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਨਹੀ ਕਰ ਸਕਦੇ।

(ਹ) ਸਮਾਜਿਕ ਮੰਗਾਂ ਬਹੁਤ ਹੋਣ ਕਾਰਣ ਕਈ ਵਾਰ ਕਈ ਕਿਸ਼ੋਰ ਸਮਾਜ ਦੇ ਰਸਮੋ-ਰਿਵਾਜ਼ਾਂ ਦੀ ਉਲੰਘਣਾ ਕਰਦੇ ਹਨ ਅਤੇ ਉਨ੍ਹਾਂ ਨੂੰ ਸਮਾਜ ਵਿੱਚ ਸਮਾਯੋਜਨ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

2. **ਘਰੇਲੂ ਸਮੱਸਿਆਵਾਂ** : ਇਸ ਉਮਰ ਵਿੱਚ ਬਹੁਤ ਸਾਰੇ ਕਿਸ਼ੋਰ ਮੁੰਡੇ ਕੁੜੀਆਂ ਹਰ ਕੰਮ ਵਿੱਚ ਪੂਰਨ ਆਜ਼ਾਦੀ ਚਾਹੁੰਦੇ ਹਨ, ਪਰੰਤੂ ਮਾਪੇ ਉਨ੍ਹਾਂ ਤੇ ਕਈ ਤਰ੍ਹਾਂ ਦੀਆਂ ਬੰਦਸ਼ਾਂ ਲਗਾ ਦਿੰਦੇ ਹਨ, ਜਿਸ ਕਾਰਨ ਕਈ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਬਹੁਤ ਸਾਰੇ ਮਾਪੇ ਕੁੜੀਆਂ ਨੂੰ ਖਾਸ ਤੌਰ ਤੇ ਪਿੰਡਾਂ ਵਿੱਚ, ਘਰ ਤੋਂ ਬਾਹਰ ਨਹੀ ਜਾਣ ਦਿੰਦੇ। ਮਾਪੇ ਕਿਸ਼ੋਰਾਂ ਨੂੰ ਬੱਚਿਆਂ ਵਾਂਗ ਹੀ ਸਮਝਦੇ ਹਨ। ਉਹ ਉਨ੍ਹਾਂ ਨਾਲ ਕਿਸੇ ਮਾਮਲੇ ਤੇ ਸਿੱਧਾ ਵਿਚਾਰ ਵਟਾਂਦਰਾ ਨਹੀ ਕਰਦੇ ਕਿਉਂਕਿ ਉਨ੍ਹਾਂ ਵਿਚਕਾਰ ਸਮਝ ਦੀ ਘਾਟ ਹੁੰਦੀ ਹੈ। ਮਾਪੇ ਆਪਣੇ ਮੁੰਡੇ ਕੁੜੀਆਂ ਦੀਆਂ ਪ੍ਰਾਪਤੀਆਂ ਲਈ ਵੱਡੀਆਂ ਆਸ਼ਾਵਾਂ ਨੂੰ ਉੱਚੀਆਂ ਅਭਿਲਾਸ਼ਾਵਾਂ ਬਣਾਂਦੇ ਹਨ। ਜਦੋਂ ਉਹ ਆਪਣੇ ਮਾਪਿਆਂ ਦੀਆਂ ਇੱਛਾਵਾਂ ਦੇ ਬਰਾਬਰ ਨਹੀ ਪੁੱਜਦੇ ਤਾਂ ਘਰ ਵਿੱਚ ਕਲੇਸ਼ ਪੈਦਾ ਹੁੰਦਾ ਹੈ। ਫਿਰ ਉਨ੍ਹਾਂ ਵਿਚਕਾਰ ਲੜਾਈ ਝਗੜੇ ਹੁੰਦੇ ਰਹਿੰਦੇ ਹਨ ਜਿਸ ਕਰਕੇ ਘਰ ਦੀ ਸ਼ਾਂਤੀ ਭੰਗ ਹੁੰਦੀ ਹੈ। ਅਜਿਹੀ ਹਾਲਤ ਵਿੱਚ ਬਹੁਤ ਸਾਰੇ ਕਿਸ਼ੋਰ ਘਰੋ ਭੱਜਦੇ ਹਨ ਅਤੇ ਬਾਹਰ ਆਸਰਾ ਲੈਂਦੇ ਹਨ।

3. **ਸਕੂਲੀ ਸਮੱਸਿਆਵਾਂ** : ਬਹੁਤ ਸਾਰੇ ਕਿਸ਼ੋਰਾਂ ਨੂੰ ਸਕੂਲ ਨਾਲ ਸੰਬੰਧਿਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਸਕੂਲਾਂ ਵਿਚ ਕਈ ਵਾਰ ਅਧਿਆਪਕ ਬਹੁਤ ਸਖਤ, ਪਿਛਾਂਹ ਖਿੱਚੂ ਅਤੇ ਉਨ੍ਹਾਂ ਨੂੰ ਨਾ ਸਮਝਣ ਵਾਲੇ ਹੁੰਦੇ ਹਨ। ਉਨ੍ਹਾਂ ਦਾ ਵਤੀਰਾ ਆਪਣੇ ਵਿਦਿਆਰਥੀਆਂ ਵੱਲ ਹਮਦਰਦੀ ਅਤੇ ਪਿਆਰ ਵਾਲਾ ਨਹੀ ਹੁੰਦਾ ਹੈ। ਕਈ ਵਾਰ ਅਧਿਆਪਕ ਦਾ ਵਤੀਰਾ ਕਈਆਂ ਵੱਲ ਤਰਫਦਾਰੀ ਵਾਲਾ ਅਤੇ ਦੂਜਿਆਂ ਵੱਲ ਘਿਰਣਾ ਵਾਲਾ ਹੁੰਦਾ ਹੈ। ਉਹ ਕਿਸ਼ੋਰਾਂ ਦੀਆਂ ਰੁਚੀਆਂ ਦਾ ਵਿਕਾਸ ਕਰਨ ਲਈ ਕੋਈ ਸਹਾਇਤਾ ਨਹੀ ਕਰਦੇ । ਸਕੂਲ ਦਾ ਪਾਠਕ੍ਰਮ ਵੀ ਉਨ੍ਹਾਂ ਦੀਆਂ ਯੋਗਤਾਵਾਂ ਅਤੇ ਲੋੜ ਅਨੁਸਾਰ ਨਹੀ ਹੁੰਦਾ। ਉਨ੍ਹਾਂ ਨੂੰ ਸਵੈ-ਖੋਜ ਅਤੇ ਸਵੈ-ਪ੍ਰਗਟਾਵੇ ਲਈ ਕੋਈ ਮੌਕੇ ਨਹੀ ਦਿੱਤੇ ਜਾਂਦੇ। ਇਨ੍ਹਾਂ ਕਾਰਨਾਂ ਕਰਕੇ ਉਹ ਸਕੂਲ ਨੂੰ ਨਫਰਤ ਨਾਲ ਦੇਖਦੇ ਹਨ, ਉੱਥੋ ਭੱਜਣਾ ਚਾਹੁੰਦੇ ਹਨ ਅਤੇ ਆਪਣੀ ਪੜ੍ਹਾਈ

ਦੇ ਸ਼ੌਕ ਖਤਮ ਕਰ ਲੈਂਦੇ ਹਨ।

3. **ਆਰਥਿਕ ਸਮੱਸਿਆਵਾਂ** : ਕਿਸ਼ੋਰਾਂ ਦੀਆਂ ਸਮੱਸਿਆਵਾਂ ਦੇਸ਼ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਨਾਲ ਵੱਧਦੀਆਂ ਹਨ ਕਿਉਂਕਿ ਉਨ੍ਹਾਂ ਦੀਆਂ ਲੋੜਾਂ ਹੁੰਦੀਆਂ ਹਨ – ਇਸ ਲਈ ਉਨ੍ਹਾਂ ਨੂੰ ਪੈਸਾ ਚਾਹੀਦਾ ਹੁੰਦਾ ਹੈ। ਜੇ ਮਾਪਿਆਂ ਵੱਲੋਂ ਲੋੜ ਅਨੁਸਾਰ ਜੇਬ ਖਰਚ ਲਈ ਮਿਲ ਜਾਵੇ ਤਾਂ ਠੀਕ ਹੈ ਨਹੀ ਤਾਂ ਉਹ ਚੋਰੀ ਕਰਨਾ ਸ਼ੁਰੂ ਕਰ ਦਿੰਦੇ ਹਨ। ਮਾਪਿਆਂ ਤੋਂ ਬਾਰ-ਬਾਰ ਪੈਸੇ ਮੰਗਣ ਵਿੱਚ ਸ਼ਰਮ ਮਹਿਸੂਸ ਕਰਦੇ ਹਨ।

5. **ਵਿਵਸਾਇਕ ਸਮੱਸਿਆਵਾਂ** : ਭਾਰਤ ਵਿੱਚ ਬੇ-ਰੋਜ਼ਗਾਰੀ ਦੀ ਸਮੱਸਿਆ ਕਾਰਨ ਕਿਸ਼ੋਰ ਮੁੰਡੇ ਅਤੇ ਕੁੜੀਆਂ ਵਿੱਚ ਆਪਣੀ ਭਾਵੀ ਜ਼ਿੱਦਗੀ ਲਈ ਕਈ ਤਰ੍ਹਾਂ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ। ਆਪਣੀ ਪੜ੍ਹਾਈ ਖਤਮ ਕਰਨ ਪਿੱਛੋਂ ਆਪਣੇ ਭਵਿੱਖ ਦੇ ਕਿੱਤੇ ਲਈ ਅਸੁਰੱਖਿਅਤਾ ਹੁੰਦੀ ਹੈ। ਇਸ ਲਈ ਕਿਸ਼ੋਰ ਮੁੰਡੇ ਕੁੜੀਆਂ ਵਰਤਮਾਨ ਸਮਾਜਿਕ ਨਿਯਮਾਂ ਦੇ ਵਿਰੁੱਧ ਭੜਕਦੇ ਹਨ ਅਤੇ ਬਾਗੀ ਵੀ ਹੋ ਜਾਂਦੇ ਹਨ ਅਤੇ ਭੰਨ ਤੋੜ ਦੀਆਂ ਕ੍ਰਿਆਵਾਂ ਵਿੱਚ ਉਲਝ ਜਾਂਦੇ ਹਨ। ਇਹ ਬਦਕਿਸਮਤੀ ਹੈ ਕਿ ਸਾਡੇ ਦੇਸ਼ ਵਿੱਚ ਬਹੁਤ ਸਾਰੇ ਕਿਸ਼ੋਰ ਭਵਿੱਖਤ ਯੋਜਨਾ ਤੋਂ ਬਿਨ੍ਹਾਂ ਹੀ ਪੜ੍ਹਦੇ ਹਨ ਅਤੇ ਆਪਣਾ ਰੁਜ਼ਗਾਰ ਆਜ਼ਾਦੀ ਨਾਲ ਕਮਾਉਣ ਦੇ ਯੋਗ ਨਹੀ ਹੁੰਦੇ।

6. **ਮਿੱਤਰਤਾ ਦੀਆਂ ਸਮੱਸਿਆਵਾਂ** : ਕਿਸ਼ੋਰ ਅਵਸਥਾ ਵਿਚ ਮੁੰਡੇ ਕੁੜੀਆਂ ਨੂੰ ਚੰਗੇ ਮਿੱਤਰ ਚਾਹੀਦੇ ਹਨ ਜਿਨ੍ਹਾਂ ਨਾਲ ਉਹ ਗੁਪਤ ਗੱਲਾਂ ਸਾਂਝੀਆਂ ਕਰ ਸਕਣ ਅਤੇ ਉਨ੍ਹਾਂ ਨਾਲ ਆਜ਼ਾਦੀ ਨਾਲ ਵਿਚਾਰ-ਵਟਾਂਦਰਾ ਕਰ ਸਕਣ। ਇਸ ਲਈ ਨਿਸ਼ਕਪਟ ਅਤੇ ਸੱਚੀ ਮਿੱਤਰਤਾ ਇਸ ਉਮਰ ਵਿਚ ਬਹੁਤ ਜ਼ਰੂਰੀ ਹੈ। ਮੁੰਡਿਆਂ ਨਾਲੋਂ ਕੁੜੀਆਂ ਵਿੱਚ ਮਿੱਤਰਤਾ ਭਾਵਾਤਮਿਕ ਤੌਰ ਤੇ ਜ਼ਿਆਦਾ ਹੁੰਦੀ ਹੈ।

7. **ਲਿੰਗੀ ਸਮੱਸਿਆਵਾਂ** : ਇਸ ਸਮੇਂ ਲਿੰਗੀ ਅੰਗਾਂ ਦਾ ਬਹੁਤ ਜ਼ਿਆਦਾ ਵਿਕਾਸ ਹੋ ਚੁਕਾ ਹੁੰਦਾ ਹੈ। ਮੁੰਡਿਆਂ ਵਿੱਚ ਰਾਤ ਨੂੰ ਸੋਣ ਵੇਲੇ ਵੀਰਜ ਪਾਤ ਹੋਣਾ, ਡਰਾਉਣੇ ਸੁਪਨੇ ਆਉਣੇ ਆਦਿ ਉਨ੍ਹਾਂ ਨੂੰ ਘਬਰਾ ਦਿੰਦੇ ਹਨ। ਇੰਜ ਹੀ ਕੁੜੀਆਂ ਵਿਚ ਮਹਾਂਵਾਰੀ ਵੇਲੇ ਖੂਨ ਦਾ ਆਉਣਾ ਇੱਕ ਭਿਆਨਕ ਤਜਰਬਾ ਹੁੰਦਾ ਹੈ ਜਿਹੜਾ ਉਨ੍ਹਾਂ ਨੂੰ ਚਿੰਤਤ ਕਰ ਦਿੰਦਾ ਹੈ ਅਤੇ ਉਨ੍ਹਾਂ ਵਿਚ ਕਈ ਤਰ੍ਹਾਂ ਦੇ ਡਰ, ਫਿਕਰ, ਚਿੰਤਾ ਦੀਆਂ ਭਾਵਨਾਵਾਂ ਉਪਜਦੀਆਂ ਹਨ। ਹਾਲਾਂਕਿ ਇਹ ਦੋਵੇਂ ਗੱਲਾਂ ਕੁਦਰਤੀ ਹਨ, ਕੋਈ ਚਿੰਤਾ ਦੀ ਗਲ ਨਹੀ ਹੁੰਦੀ। ਲਿੰਗੀ ਮਾਮਲਿਆਂ ਵਿਚ ਜਿਗਿਆਸਾ ਕਰਕੇ ਜਾਂ ਉਨ੍ਹਾਂ ਨੂੰ ਠੀਕ ਢੰਗ ਦੀ ਸਿੱਖਿਆ ਨਾ ਮਿਲਣ ਕਰਕੇ ਮੁੰਡੇ ਕੁੜੀਆਂ ਵਿਚ ਸਮਲਿੰਗੀ ਅਤੇ ਵਲਿੰਗੀ ਵਾਂਗ ਕ੍ਰਿਆਵਾਂ ਕਰਨ ਦੇ ਵਿਚਾਰ ਜਨਮ ਲੈਂਦੇ ਹਨ। ਉਹ ਕਈ ਬੁਰੇ ਸਿੱਟਿਆਂ ਨੂੰ ਸਮਝਣ ਤੋਂ ਬਿਨ੍ਹਾਂ ਹੀ ਸੰਤੁਸ਼ਟੀ ਪ੍ਰਾਪਤ ਕਰਨ ਲਈ ਲਿੰਗੀ ਖੁਸ਼ੀ ਪ੍ਰਾਪਤ ਕਰਦੇ ਹਨ ਅਤੇ ਬਾਅਦ ਵਿਚ ਉਹ ਪਛਤਾਉਂਦੇ ਹਨ ਅਤੇ ਮੁਜਰਮੀ ਭਾਵਨਾਵਾਂ ਪੈਦਾ ਕਰ ਲੈਂਦੇ ਹਨ। ਇਸ ਤਰ੍ਹਾਂ ਉਨ੍ਹਾਂ ਲਈ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ।

### 1.4.3.6 ਕਿਸ਼ੋਰਾਂ ਲਈ ਸਿੱਖਿਆ (Education for Adolescents)

ਕਿਸ਼ੋਰ ਮੁੰਡੇ ਕੁੜੀਆਂ ਨੂੰ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਭ ਤੋਂ ਵੱਧ ਜ਼ਰੂਰਤ ਕਿਸ਼ੋਰਾਂ ਦੇ ਮਨੋਵਿਗਿਆਨ ਨੂੰ ਸਮਝਣ ਦੀ ਹੈ ਤਾਂ ਕਿ ਉਨ੍ਹਾਂ ਨੂੰ ਸਹੀ ਢੰਗ ਨਾਲ ਆਪਣੀਆਂ ਸਮੱਸਿਆਵਾਂ ਨੂੰ ਸੁਲਝਾਉਣ ਵਿੱਚ ਮਦਦ ਮਿਲੇ।

1. ਕਿਸ਼ੋਰਾਂ ਨੂੰ ਸਰੀਰਕ ਕਸਰਤਾਂ ਅਤੇ ਕ੍ਰਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।
2. ਕਿਸ਼ੋਰਾਂ ਨੂੰ ਸਰੀਰਕ ਵਿਕਾਸ ਨਾਲ ਸੰਬੰਧਿਤ ਸਿੱਖਿਆ ਪ੍ਰਦਾਨ ਕਰਨੀ ਚਾਹੀਦੀ ਹੈ ਅਤੇ ਲਿੰਗੀ ਸਿੱਖਿਆ ਦਾ ਵੀ ਗਿਆਨ ਦੇਣਾ ਚਾਹੀਦਾ ਹੈ।
3. ਭੱਦੇ ਪਹਿਰਾਵੇ ਤੇ ਰੋਕ ਹੋਣੀ ਚਾਹੀਦੀ ਹੈ।
3. ਕਿਸ਼ੋਰਾਂ ਪ੍ਰਤੀ ਸਹਾਨੁਭੂਤੀਪੂਰਨ ਅਤੇ ਪਿਆਰ ਵਾਲਾ ਰਵੱਈਆਂ ਹੋਣਾ ਚਾਹੀਦਾ ਹੈ।
5. ਕਿਸ਼ੋਰਾਂ ਦੇ ਵਿਅਕਤੀਤਵ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਉਹਨਾਂ ਤੋਂ ਜੁੜੇ ਹੋਏ ਮਾਮਲਿਆਂ ਵਿੱਚ ਉਨ੍ਹਾਂ ਦੀ ਰਾਏ ਵੀ ਲੈਣੀ ਚਾਹੀਦੀ ਹੈ ਅਤੇ ਕਿਸ਼ੋਰਾਂ ਨੂੰ ਜ਼ਿੰਮੇਵਾਰੀ ਵਾਲੇ ਕੰਮ ਵੀ ਦੇਣੇ ਚਾਹੀਦੇ ਹਨ।
6. ਨੈਤਿਕ ਸਿੱਖਿਆ ਅਤੇ ਧਾਰਮਿਕ ਸਿੱਖਿਆ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ।
7. ਮਾਪਿਆਂ ਨੂੰ ਕਿਸ਼ੋਰ ਬੱਚਿਆਂ ਦਾ ਪੂਰਾ-ਪੂਰਾ ਸਹਿਯੋਗ ਕਰਨਾ ਚਾਹੀਦਾ ਹੈ, ਤਾਂ ਕਿ ਬੱਚੇ ਆਪਣੀ ਸਮੱਸਿਆਵਾਂ ਨੂੰ ਸੁਲਝਾ ਸਕਣ।
8. ਸਕੂਲਾਂ ਵਿਚ ਕਿਸ਼ੋਰਾਂ ਲਈ ਸਹੀ ਵਿਦਿਅਕ, ਕਿੱਤਾ ਮਈ ਅਤੇ ਮਨੋਵਿਗਿਆਨਕ ਅਗਵਾਈ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ।

9. ਸਕੂਲਾਂ ਵਿਚ ਪਾਠਕ੍ਰਮ ਤੋਂ ਇਲਾਵਾ ਵਾਦ-ਵਿਵਾਦ ਪ੍ਰਤੀਯੋਗਤਾ, ਪਰਚਾ ਪੜ੍ਹਨਾ, ਕਵੀ ਸੰਮੇਲਨ, ਪੇਟਿੰਗ ਕਲਾ ਅਤੇ ਸੰਗੀਤ ਪ੍ਰਤੀਯੋਗਿਤਾ, ਅਕਾਉਟਿੰਗ, ਇਤਿਹਾਸਿਕ ਦੌਰੇ ਆਦਿ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਕਿ ਬੱਚੇ ਦੇ ਵਿਅਕਤੀਤਤਵ ਦਾ ਸਰਵਪੱਖੀ ਵਿਕਾਸ ਹੋ ਸਕੇ।

### 1.4.4 ਸਾਰ(Summary)

ਕਿਸ਼ੋਰ ਅਵਸਥਾ ਮਨੁੱਖੀ ਵਿਕਾਸ ਦਾ ਬਹੁਤ ਹੀ ਮਹੱਤਵਪੂਰਨ, ਨਾਜ਼ੁਕ ਪਰਿਵਰਤਨਸ਼ੀਲ, ਖਤਰਨਾਕ ਅਤੇ ਸ਼ਕਤੀਸ਼ਾਲੀ ਪੜਾਅ ਹੈ। ਇਸ ਨੂੰ ਅਤਿ ਦੇ ਵਾਧੇ ਦਾ ਸਮਾਂ ਵੀ ਆਖਿਆ ਜਾਦਾ ਹੈ, ਕਿਉਂਕਿ ਇਸ ਵਿਚ ਸਰੀਰਕ, ਮਾਨਸਿਕ, ਭਾਵਾਤਮਕ ਅਤੇ ਸਮਾਜਿਕ ਵਿਕਾਸ ਬਹੁਤ ਹੀ ਉੱਚੀ ਪੱਧਰ ਦਾ ਹੁੰਦਾ ਹੈ।

ਕਿਸ਼ੋਰ ਅਵਸਥਾ ਵਿੱਚ ਬੱਚੇ ਦੇ ਸਰੀਰਕ ਵਿਕਾਸ ਵਿਚ ਤਬਦੀਲੀਆਂ ਆਉਂਦੀਆਂ ਹਨ। ਕਿਸ਼ੋਰ ਅਵਸਥਾ ਵਿੱਚ ਸਿੱਖਿਆਰਥੀ ਦਾ ਮਾਨਸਿਕ ਵਿਕਾਸ ਹੁੰਦਾ ਹੈ। ਮਾਨਸਿਕ ਵਿਕਾਸ, ਸਰੀਰਕ ਵਿਕਾਸ ਨਾਲੋਂ ਘੱਟ ਤੇਜ਼ੀ ਨਾਲ ਹੁੰਦਾ ਹੈ। ਮਾਨਸਿਕ ਵਿਕਾਸ ਕਲਪਨਾ ਸ਼ਕਤੀ, ਰੁਚੀਆਂ, ਯਾਦ ਸ਼ਕਤੀ, ਨਾਇਕ ਪੂਜਾ ਅਤੇ ਬੁੱਧੀ ਵਿਕਾਸ ਹੁੰਦਾ ਹੈ।

ਸਰੀਰਕ, ਮਾਨਸਿਕ ਪਰਿਵਰਤਨਾਂ ਦੇ ਨਾਲ ਕਿਸ਼ੋਰ ਮੁੰਡੇ ਕੁੜੀਆਂ ਦੀਆਂ ਕਈ ਲੋੜਾਂ ਵੀ ਵੱਧਦੀਆਂ ਹਨ ਅਤੇ ਉਨ੍ਹਾਂ ਨੂੰ ਕਈ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਸਭ ਤੋਂ ਜ਼ਿਆਦਾ ਉਨ੍ਹਾਂ ਵਿਚ ਲਿੰਗ ਸੰਬੰਧ ਲਈ ਲੋੜ ਉਤਪੰਨ ਹੁੰਦੀ ਹੈ। ਇਸ ਦੇ ਨਾਲ ਹੀ ਕਈ ਤਰ੍ਹਾਂ ਦੀਆਂ ਮਨੋਵਿਗਿਆਨਕ ਲੋੜਾਂ ਜਿਵੇਂ ਕਿ ਸੁਰੱਖਿਆ, ਸੁਤੰਤਰਤਾ, ਸਨਮਾਨ ਅਤੇ ਪਿਆਰ ਦੀਆਂ ਲੋੜਾਂ ਵੀ ਪੈਦਾ ਹੁੰਦੀਆਂ ਹਨ। ਇੰਜ ਹੀ ਸਮਾਜਿਕ ਲੋੜਾਂ ਜਿਵੇਂ ਕਿ ਸਵੈ-ਪ੍ਰਤਿਸ਼ਠਾ, ਸਮਾਜਿਕ ਪ੍ਰਵਾਨਗੀ, ਸਵੈ-ਸਮਰੂਪਤਾ ਆਦਿ ਬਹੁਤ ਜ਼ਰੂਰੀ ਹਨ, ਕਿਉਂਕਿ ਉਹ ਆਪਣੇ ਕਾਰਜਾਂ ਵਿੱਚ ਮਾਨਤਾ, ਸ਼ਲਾਘਾ, ਪ੍ਰਸ਼ੰਸਾ ਆਦਿ ਲੈਣਾ ਚਾਹੁੰਦੇ ਹਨ। ਇਸ ਲਈ ਕਿਸ਼ੋਰ ਸਵੈ-ਸੁਚੇਤ ਰਹਿੰਦੇ ਹਨ, ਕਿਉਂਕਿ ਇਹ ਸਮਾਂ ਸਵੈ-ਪ੍ਰਗਟਾਵੇ ਅਤੇ ਸਵੈ-ਸੰਵਾਰਨ ਦਾ ਹੀ ਹੁੰਦਾ ਹੈ। ਕਿਸ਼ੋਰ ਮੁੰਡੇ ਕੁੜੀਆਂ ਜ਼ਿੰਦਗੀ ਵਿੱਚ ਨਵੇਂ ਤਜਰਬੇ ਕਰਨਾ ਬਹੁਤ ਪਸੰਦ ਕਰਦੇ ਹਨ।

ਕਿਸ਼ੋਰ ਅਵਸਥਾ ਵਿਚ ਕਈ ਤਬਦੀਲੀਆਂ ਆਉਣ ਕਾਰਨ ਮੁੰਡੇ ਕੁੜੀਆਂ ਲਈ ਬਹੁਤ ਸਮੱਸਿਆਵਾਂ ਪੇਸ਼ ਆਉਂਦੀਆਂ ਹਨ। ਇਨ੍ਹਾਂ ਸਮੱਸਿਆਵਾਂ ਵਿੱਚ ਸਭ ਤੋਂ ਵੱਡੀ ਸਮੱਸਿਆ ਇਹ ਹੁੰਦੀ ਹੈ ਕਿ ਸਰੀਰਕ ਤਬਦੀਲੀਆਂ ਕਾਰਨ ਉਹ ਜ਼ਿਆਦਾ ਆਲੋਚਨਾਤਮਕ ਬਣ ਜਾਂਦੇ ਹਨ। ਘਰੇਲੂ ਸਮੱਸਿਆਵਾਂ ਵਿਚ ਉਹ ਚੰਗਾ ਸਮਾਯੋਜਨ ਨਹੀ ਕਰ ਸਕਦੇ ਤਾਂ ਹੀ ਸਮਾਜ ਨਾਲ ਠੀਕ ਤਾਲਮੇਲ ਨਹੀ ਬਣਾ ਪਾਂਦੇ। ਮਾਪਿਆਂ ਲਈ ਸਮੱਸਿਆਵਾਂ ਪੈਦਾ ਕਰਦੇ ਹਨ। ਸਕੂਲ ਦੀਆਂ ਭੈੜੀਆਂ ਸਥਿਤੀਆਂ ਕਾਰਨ ਵੀ ਬਹੁਤ ਸਾਰੇ ਅਪਚਾਰੀ ਬਣ ਜਾਂਦੇ ਹਨ। ਇੰਝ ਹੀ ਆਰਥਿਕ ਤੰਗੀਆਂ ਕਾਰਨ ਉਹ ਕਈ ਅਸਮਾਜਿਕ ਆਦਤਾਂ ਦੇ ਮਾਲਿਕ ਬਣ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਆਪਣਾ ਭਵਿੱਖ ਉੱਜਲਾ ਨਜ਼ਰ ਨਹੀ ਆਉਂਦਾ, ਇਸ ਲਈ ਉਹ ਸਮਾਜ ਵਿਰੋਧੀ ਕ੍ਰਿਆਵਾਂ ਕਰਦੇ ਹਨ। ਪਰ ਉਨ੍ਹਾਂ ਦੀਆਂ ਸਭ ਤੋਂ ਜ਼ਿਆਦਾ ਖਤਰਨਾਕ ਸਮੱਸਿਆਵਾਂ ਲਿੰਗ ਮਾਮਲਿਆਂ ਸੰਬੰਧੀ ਹੁੰਦੀਆਂ ਹਨ।

### 1.4.5 ਮੁੱਖ ਨੁਕਤੇ :-

1. **ਕਿਸ਼ੋਰ ਅਵਸਥਾ ਵਿਚ ਸਰੀਰਕ ਵਿਕਾਸ**
2. **ਕਿਸ਼ੋਰ ਅਵਸਥਾ ਵਿੱਚ ਮਾਨਸਿਕ ਵਿਕਾਸ**
3. **ਕਿਸ਼ੋਰ ਅਵਸਥਾ ਦੀਆਂ ਸੱਮਸਿਆਵਾਂ**

### 1.4.6 ਸਵੈ ਮੁਲਾਂਕਣ ਅਭਿਆਸ (Self-Check Exercise)

ਸਹੀ ਜਾਂ ਗਲਤ ਦੱਸੋ

1. ਕਿਸ਼ੋਰ ਅਵਸਥਾ ਵਿੱਚ ਕਦ ਤੇਜ਼ੀ ਨਾਲ ਵੱਧਦਾ ਹੈ?
2. ਕਿਸ਼ੋਰ ਦੇ ਭਿੰਨ-ਭਿੰਨ ਅੰਗ ਇਕ ਅਨੁਪਾਤ ਵਿਚ ਵੱਧਦੇ ਹਨ।
3. ਐਡੋਲੀਸੀਅਰ ਦਾ ਅਰਥ ਹੈ 'ਪਰਪੱਕਤਾ ਤੱਕ ਵੱਧਨਾ'।
3. ਕਿਸ਼ੋਰ ਅਵਸਥਾ ਮਨੁੱਖੀ ਵਿਕਾਸ ਦਾ ਬਹੁਤ ਹੀ ਠਹਿਰਿਆ ਹੋਇਆ ਅਤੇ ਸ਼ਾਂਤ ਦੌਰ ਹੈ।
5. ਕਿਸ਼ੋਰ ਅਵਸਥਾ ਵਿਚ ਲੜਕੀਆਂ ਅਤੇ ਲੜਕਿਆਂ ਦੀਆਂ ਆਵਾਜ਼ਾਂ ਵਿਚ ਸਪੱਸ਼ਟ ਰੂਪ ਵਿਚ ਤਬਦੀਲੀ ਆ ਜਾਂਦੀ ਹੈ।

ਉੱਤਰ : (1) ਸਹੀ (2) ਗਲਤ (3) ਸਹੀ (3) ਗਲਤ (5) ਸਹੀ

### 1.4.7 ਸੁਝਾਏ ਪ੍ਰਸ਼ਨ (Suggested Questions)

1. ਕਿਸ਼ੋਰ ਅਵਸਥਾ ਵਿੱਚ ਭਾਵਾਤਮਕ ਵਿਕਾਸ ਦੀਆਂ ਕੀ ਵਿਸ਼ੇਸ਼ਤਾਵਾਂ ਹਨ?
2. ਕਿਸ਼ੋਰ ਅਵਸਥਾ ਵਿਚ ਮਾਨਸਿਕ ਵਿਕਾਸ ਦੀਆਂ ਵਿਸ਼ੇਸ਼ਤਾਵਾਂ ਦਾ ਸੰਖੇਪ ਵਰਣਨ ਕਰੋ।

### 1.4.8 ਸੁਝਾਈ ਪੁਸਤਕ ਰੁਚੀ (Suggested Readings)


1. ਸ਼ਰਮਾ ਮੀਨਾਕਸ਼ੀ — ਉੱਚਤਰ ਸਿੱਖਿਆ ਮਨੋਵਿਗਿਆਨ
2. ਚੌਹਾਨ, ਐਸ. ਐਸ — ਐਡਵਾਂਸਡ ਐਜੂਕੇਸ਼ਨਲ ਸਾਈਕਾਲੋਜੀ
3. ਸਿੰਘ, ਆਗਿਆਜੀਤ — ਸਿੱਖਿਆ ਮਨੋਵਿਗਿਆਨ ਅਤੇ ਅਗਵਾਈ
3. ਸੋਢੀ, ਟੀ.ਐਸ ਅਤੇ ਸੋਢੀ, ਐਚ.ਕੇ. — ਸਿੱਖਿਅਕ ਅਤੇ ਸਿੱਖਿਆ ਪ੍ਰਣਾਲੀ ਦਾ ਵਿਕਾਸ

---

**ਪਾਠ ਨੰ:- 1.5** **ਲੇਖਿਕਾ-ਡਾ. ਤਸ਼ਨੀਮ ਖ਼ਾਨ**

---

## ਕਿਸ਼ੋਰਾਂ ਦੇ ਵਿਕਾਸ ਵਿੱਚ ਵੱਖ-ਵੱਖ ਏਜੰਸੀਆਂ ਦੀ ਭੂਮਿਕਾ

**1.5.1 ਪਾਠ ਦੇ ਉਦੇਸ਼**

**1.5.2 ਜਾਣ-ਪਛਾਣ**

**1.5.3 ਪਰਿਵਾਰ ਦੇ ਕਾਰਜ**

**1.5.4 ਸਕੂਲ ਦੇ ਕਾਰਜ**

**1.5.5 ਜੰਨ-ਸੰਚਾਰ ਦੀ ਭੂਮਿਕਾ**

**1.5.6 ਸਭਿਆਚਾਰ ਦੀ ਭੂਮਿਕਾ**

**1.5.7 ਸਾਰ**

**1.5.8 ਮੁੱਖ ਨੁਕਤੇ**

**1.5.9 ਸਵੈ-ਮੁਲਾਂਕਣ ਅਭਿਆਸ**

**1.5.10 ਸੁਝਾਏ ਪ੍ਰਸ਼ਨ**

**1.5.11 ਸੁਝਾਈਆਂ ਪੁਸਤਕਾਂ**

### 1.5.1 ਪਾਠ ਦੇ ਉਦੇਸ਼ :-

**ਪਾਠ ਪੜ੍ਹਣ ਤੋਂ ਬਾਅਦ ਬੱਚੇ ਹੇਠ ਲਿਖੇ ਤੱਥਾਂ ਤੋਂ ਜਾਣੂ ਹੋ ਜਾਣਗੇ :-**

**1. ਕਿਸ਼ੋਰਾਂ ਦੇ ਵਿਕਾਸ ਵਿਚ ਪਰਿਵਾਰ ਦੇ ਕਾਰਜ ਜਾਣ ਜਾਣਗੇ।**

**2. ਜੰਨ-ਸੰਚਾਰ ਦੀ ਭੂਮਿਕਾ ਨੂੰ ਸਮਝ ਜਾਣਗੇ।**

**3. ਸਮੁਦਾਇ ਅਤੇ ਸਭਿਆਚਾਰ ਦੀ ਭੂਮਿਕਾ ਸਮਝ ਜਾਣਗੇ।**

## 1.5.2 ਜਾਣ-ਪਛਾਣ

ਕਿਸ਼ੋਰ ਅਵਸਥਾ ਕਿਸੇ ਵਿਅਕਤੀ ਦੇ ਵਿਕਾਸ ਦੀ ਸਭ ਤੋਂ ਮਹੱਤਵਪੂਰਨ ਅਤੇ ਗੁੰਝਲਦਾਰ ਅਵਸਥਾ ਹੈ। ਕਿਸ਼ੋਰਾਂ ਨੂੰ ਬਹੁਤ ਸਾਰੀਆਂ ਮੁਸ਼ਕਿਲ ਹਲਾਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਸਿੱਖਿਆ ਨੂੰ ਇਸ ਤਰ੍ਹਾਂ ਪ੍ਰਬੰਧਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਜ਼ਿੰਦਗੀ ਦੀਆਂ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਦੇ ਯੋਗ ਬਣਾਇਆ ਜਾ ਸਕੇ। ਮਾਪੇ, ਅਧਿਆਪਕ ਅਤੇ ਸਿੱਖਿਅਕ ਉਨ੍ਹਾਂ ਦੀ ਜ਼ਿੰਦਗੀ ਨੂੰ ਬਹੁਤ ਵਧੀਆਂ ਬਣਾ ਸਕਦੇ ਹਨ। ਆਮ ਤੌਰ ਤੇ ਕਿਸ਼ੋਰ ਅਵਸਥਾ ਨੂੰ ਬਚਪਨ ਤੋਂ ਪ੍ਰੋੜ ਅਵਸਥਾ ਵਿਚ ਦਾਖਲ ਹੋਣ ਵਾਲਾ ਸਮਾਂ ਮੰਨਿਆਂ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਇਹ ਪੜਾਅ ਬਚਪਨ ਵਿਚ ਪੈਦਾ ਹੁੰਦਾ ਹੈ ਅਤੇ ਪ੍ਰੋੜ ਅਵਸਥਾ ਤੱਕ ਪਹੁੰਚਾਉਂਦਾ ਹੈ। ਅਸਲ ਵਿਚ ਇਹ ਬਦਲਾਵਾ ਦਾ ਪੜਾਅ ਹੈ। ਆਮ ਤੌਰ ਤੇ ਇਸਨੂੰ ਵਿਕਾਸ ਦਾ ਸਮਾਂ ਕਿਹਾ ਜਾਂਦਾ ਹੈ ਜਿਸ ਵਿਚ ਇਕ ਬੱਚਾ ਆਦਮੀ ਜਾਂ ਔਰਤ ਵਿਚ ਵਿਕਸਤ ਹੋ ਜਾਂਦਾ ਹੈ।

### ਵਿਰਾਸਤ ਅਤੇ ਵਾਤਾਵਰਨ

ਆਦਮੀ ਵਿਰਾਸਤ ਅਤੇ ਵਾਤਾਵਰਨ ਦਾ ਉਤਪਾਦਨ ਹੈ। ਵਿਰਾਸਤ ਅਤੇ ਵਾਤਾਵਰਨ ਦੋਨੋਂ ਸਖਸ਼ੀਅਤ ਦੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਜਦੋਂ ਕਿ ਕਈ ਵਾਰੀ ਵਿਰਾਸਤ ਵਾਤਾਵਰਨ ਨਾਲੋਂ ਜ਼ਿਆਦਾ ਭੂਮਿਕਾ ਨਿਭਾਉਂਦੇ ਹੈ ਅਤੇ ਦੂਜੇ ਹੋ ਕੰਮਾਂ ਵਿਚ ਵਾਤਾਵਰਨ ਜਿਆਦਾ ਰੋਲ ਅਦਾ ਕਰਦਾ ਹੈ ਜਿਹੜਾ ਕਿ ਵਿਰਾਸਤ ਦੇ ਸਾਰੇ ਨਿਸ਼ਾਨ ਨੂੰ ਮਿਟਾ ਦਿੰਦਾ ਹੈ। ਵਿਰਾਸਤ ਅਤੇ ਵਾਤਾਵਰਨ ਦੋਵੇਂ ਮਹੱਤਵਪੂਰਨ ਤਾਕਤਾਂ ਹਨ ਜਿਹੜੀਆਂ ਕਿ ਮਨੁੱਖੀ ਵਿਵਹਾਰ ਅਤੇ ਸਖਸ਼ੀਅਤ ਨੂੰ ਜਨਮ ਦਿੰਦੀਆਂ ਹਨ। ਇਹੀ ਕਾਰਨ ਹੈ ਕਿ ਵਿਅਕਤੀ ਸਰੀਰਕ ਵਾਤਵਰਨ, ਚਰਿੱਤਰ ਆਸਾਵਾਂ, ਉਮੰਗਾਂ, ਭਾਵਨਾਵਾਂ, ਆਦਤਾਂ, ਸੁਭਾਅ, ਦ੍ਰਿਸ਼ਟੀਕੋਣ, ਮੁਲਾਂ, ਜੀਵਨ ਦਰਸ਼ਨ ਅਤੇ ਸਖ਼ਸ਼ੀਅਤ ਪੱਖੋਂ ਅਲੱਗ ਹੁੰਦੇ ਹਨ।

## 1.5.3 ਪਰਿਵਾਰ ਦੇ ਕਾਰਜ (Family/Functions of Family)

ਘਰ ਪਰਿਵਾਰ ਵਿਅਕਤੀ ਦੇ ਵਿਕਾਸ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਘਰ ਜਾਂ ਪਰਿਵਾਰ ਇੱਕ ਕਿਰਿਆਸ਼ੀਲ ਅਤੇ ਗੈਰ-ਰਸਮੀ ਵਿਕਾਸ ਦਾ ਸਾਧਨ ਹੈ। ਘਰ ਦਾ ਵਾਤਾਵਰਨ ਵਿਅਕਤੀ ਦੇ ਪੂਰਨ ਵਾਧੇ ਅਤੇ ਵਿਕਾਸ

ਵਿਚ ਸਹਾਇਕ ਹੁੰਦਾ ਹੈ। ਘਰ ਵਿਚੋਂ ਹੀ ਵਿਅਕਤੀ ਹਮਦਰਦੀ, ਪਿਆਰ, ਅਦਾਰ ਕਰਨਾ, ਸੱਚ ਬੋਲਣਾ ਮਿਹਨਤ ਕਰਨਾ ਆਦਿ ਗੁਣ ਸਿੱਖਦਾ ਹੈ।

**1. ਸਰੀਰਿਕ ਵਿਕਾਸ ਸੰਬੰਧੀ ਕਾਰਜ (Physical Function)**

ਬੱਚੇ ਦੀ ਸਿਹਤ ਦੀ ਰੱਖਿਆ ਤੇ ਉਸਦਾ ਸਰੀਰਿਕ ਵਿਕਾਸ ਕਰਨਾ ਪਰਿਵਾਰ ਦਾ ਮੁੱਖ ਕਾਰਜ ਹੈ। ਇਥੇ ਹੀ ਉਸਨੂੰ ਪੌਸ਼ਟਿਕ ਭੋਜਨ, ਕਸਰਤ ਤੇ ਖੇਡਣ ਆਦਿ ਦਾ ਵਾਤਾਵਰਨ ਮਿਲਦਾ ਹੈ। ਇਸ ਉਪਰ ਹੀ ਉਸਦੀ ਆਉਣ ਵਾਲੀ ਜ਼ਿੰਦਗੀ ਨਿਰਭਰ ਕਰਦੀ ਹੈ।

**2. ਮਮਤਾ ਸੰਬੰਧੀ ਕਾਰਜ (Affectional Function)**

ਬੱਚੇ ਦੀ ਸਭ ਤੋਂ ਪਹਿਲੀ ਲੋੜ ਮਮਤਾ ਤੇ ਪਿਆਰ ਹੁੰਦਾ ਹੈ, ਜੋ ਬੱਚੇ ਨੂੰ ਘਰ ਤੋਂ ਆਪਣੇ ਮਾਤਾ ਪਿਤਾ ਤੋਂ ਮਿਲਦੀ ਹੈ। ਇਸਤੋਂ ਬੱਚਾ ਆਪਣੇ ਆਪ ਨਾਲ ਤੇ ਆਪਣੇ ਭੈਣ ਭਰਾਵਾਂ ਨਾਲ ਪਿਆਰ ਕਰਨ ਲੱਗ ਪੈਂਦੇ ਹਨ। ਇਸ ਤਰਾਂ ਉਸਦਾ ਵਾਧਾ ਤੇ ਵਿਕਾਸ ਸੰਤੁਲਨ ਰੂਪ ਵਿਚ ਹੁੰਦਾ ਹੈ।

**3. ਮਾਨਸਿਕ ਵਿਕਾਸ ਸੰਬੰਧੀ ਕਾਰਜ (Mental Function)**

ਪਰਿਵਾਰ ਦਾ ਅਗਲਾ ਕਾਰਜ, ਕਿਸ਼ੋਰ ਬੱਚੇ ਦਾ ਮਾਨਸਿਕ ਵਿਕਾਸ ਕਰਨਾ ਹੈ। ਮਾਨਸਿਕ ਵਿਕਾਸ ਲਈ ਵਿਚਾਰ, ਕਲਪਨਾ, ਨਿਰੀਖਣ ਅਤੇ ਪਰੀਖਣ ਆਦਿ ਮਾਨਸਿਕ ਸ਼ਕਤੀਆਂ ਦਾ ਵਿਕਾਸ ਜ਼ਰੂਰੀ ਹੈ। ਇਨ੍ਹਾਂ ਦੇ ਵਿਕਾਸ ਲਈ, ਬੱਚਿਆਂ ਨੂੰ ਵੱਧ ਤੋਂ ਵੱਧ ਵਸਤਾਂ ਨਾਲ ਸੰਪਰਕ ਸਥਾਪਿਤ ਕਰਨ ਦੇ ਮੌਕੇ ਮਿਲਣੇ ਚਾਹੀਦੇ ਹਨ। ਆਮ ਦੇਖਿਆ ਗਿਆ ਹੈ ਕਿ ਸਾਧਨ ਸੰਪੰਨ ਪਰਿਵਾਰਾਂ ਦੇ ਬੱਚਿਆਂ ਵਿਚ, ਗਰੀਬ ਪਰਿਵਾਰਾਂ ਦੇ ਬੱਚਿਆਂ ਦੇ ਮੁਕਾਬਲੇ, ਮਾਨਸਿਕ ਵਿਕਾਸ ਦੀ ਮਾਤਰਾ ਵਧੇਰੇ ਹੁੰਦੀ ਹੈ।

**4. ਸਮਾਜਿਕ ਕਾਰਜ (Social Function)**

ਪਰਿਵਾਰ, ਨਾਗਰਿਕ ਗੁਣਾਂ ਦੀ ਮੁੱਢਲੀ ਸੰਸਥਾ ਹੈ ਜੋ ਕਿਸ਼ੋਰ ਬੱਚੇ ਨੂੰ ਸਮਾਜ ਵਿਚ ਰਹਿਣ ਲਈ ਤਿਆਰ ਕਰਦੀ ਹੈ। ਬੈਲਾਡ (Ballad) ਦੇ ਸ਼ਬਦਾਂ ਵਿਚ, "ਪਰਿਵਾਰ ਮੁੱਢਲੀ ਸਮਾਜਿਕ ਸੰਸਥਾ ਹੈ, ਜਿਸ ਵਿਚੋਂ ਹੋਰ ਸਭ ਸੰਸਥਾਵਾਂ ਵਿਕਸਿਤ ਹੁੰਦੀਆਂ ਹਨ।" ਪਰਿਵਾਰ ਵਿਚ ਰਹਿ ਕੇ ਹੀ ਬੱਚਾ ਸਮਾਜਿਕ ਸੰਬੰਧਾਂ ਦਾ ਅਨੁਭਵ ਪ੍ਰਾਪਤ ਕਰਦਾ ਹੈ, ਜਿਹੜੇ ਉਸਦੇ ਸਿਹਤਮੰਦ ਸਮਾਜਿਕ ਜੀਵਨ ਲਈ ਜ਼ਰੂਰੀ ਹੁੰਦੇ ਹਨ। ਪਰਿਵਾਰ ਦਾ ਇਕ ਕਾਰਜ ਹੈ ਕਿ ਉਹ ਪ੍ਰਾਪਤ ਜਾਣਕਾਰੀ ਵਿਚੋਂ ਚੰਗੀ ਤੇ ਸਹੀ ਜਾਣਕਾਰੀ ਚੁੱਣ ਕੇ, ਕਿਸ਼ੋਰ ਬੱਚੇ ਨੂੰ ਪੇਸ਼ ਕਰੇ ਤਾਂ ਜੋ ਕ੍ਰਿੋਰ ਬੱਚੇ ਨੂੰ ਚੰਗੇ ਸਮਾਜਿਕ ਗੁਣ ਪ੍ਰਾਪਤ ਹੋ ਸੱਕਣ। ਕਰੋਅ ਅਤੇ ਕਰੋਅ (Crow & Crow) ਨੇ ਠੀਕ ਹੀ ਕਿਹਾ ਹੈ ਕਿ ਜਿਹੋ ਕਿਹਾ ਘਰ ਹੋਵੇਗਾ, ਇਹੋ ਜਿਹਾ ਹੀ ਸਮਾਜ ਹੋਵੇਗਾ।

**5. ਆਰਥਿਕ ਕਾਰਜ (Economic Function)**

ਪਰਿਵਾਰ ਦੇ ਵੱਡੇ ਮੈਂਬਰ, ਸਾਰਿਆਂ ਦੀਆਂ ਆਰਥਿਕ ਲੋੜਾਂ ਪੂਰੀਆਂ ਕਰਦੇ ਹਨ। ਬੱਚਿਆਂ ਦੀ ਪੌਸ਼ਟਿਕ ਖੁਰਾਕ, ਪੁਸ਼ਾਕ, ਸਿੱਖਿਆ ਤੇ ਮਨੋਰੰਜਨ ਆਦਿ ਲੋੜਾਂ ਨੂੰ ਪਰਿਵਾਰ ਹੀ ਪੂਰੀਆਂ ਕਰਦਾ ਹੈ। ਇਸ ਤੋਂ ਇਲਾਵਾ, ਬੱਚੇ ਨੂੰ ਕਿਸੇ ਕਿੱਤੇ ਬਾਰੇ ਜਾਣਕਾਰੀ ਤੇ ਨਿਪੁੰਨਤਾ ਪ੍ਰਦਾਨ ਕਰਨੀ ਵੀ ਪਰਿਵਾਰ ਦਾ ਹੀ ਕੰਮ ਹੈ।

### 6. ਸਿੱਖਿਆ ਲਈ ਕਾਰਜ (Educational Function)

ਪਰਿਵਾਰ ਪਹਿਲਾ ਅਧਿਆਪਕ ਹੈ ਜੋ ਕਿਸ਼ੋਰ ਬੱਚੇ ਨੂੰ ਸਿਹਤਮੰਦ ਆਦਤਾਂ, ਬੋਲ-ਚਾਲ ਦੇ ਆਦਰਸ਼ ਨਮੂਨੇ, ਬੁਨਿਆਦੀ ਵਿਚਾਰ ਤੇ ਉੱਚਿਤ ਵਿਵਹਾਰ ਸਿਖਾਉਂਦਾ ਹੈ। ਇਸ ਉਸ ਦੀ ਮਜ਼ਬੂਤ ਬੁਨਿਆਦ ਤਿਆਰ ਕਰਦਾ ਹੈ, ਜਿਸ ਉੱਤੇ ਦੀ ਸਿੱਖਿਆ ਦਾ ਮਹੱਲ ਖੜਾ ਕੀਤਾ ਜਾ ਸਕਦਾ ਹੈ।

### 7. ਨੈਤਿਕ ਕਾਰਜ (Moral Function)

ਬੱਚੇ ਨੂੰ ਮੁੱਢਲੀ ਨੈਤਿਕਤਾ, ਪਰਿਵਾਰ ਨੂੰ ਪ੍ਰਦਾਨ ਕਰਨੀ ਪੈਂਦੀ ਹੈ। ਇਹ ਬੱਚੇ ਨੂੰ ਇਮਾਨਦਾਰੀ, ਸੱਚਾ, ਆਗਿਆਕਾਰੀ ਤੇ ਉਦਮੀ ਬਣਾਉਣ ਵਿਚ ਸਹਾਇਤਾ ਕਰਦਾ ਹੈ। ਵੱਡਿਆਂ ਦੇ ਵਿਵਹਾਰ ਦਾ ਕਿਸ਼ੋਰ ਬੱਚੇ ਅਨੁਕਰਨ ਕਰਦੇ ਹਨ। ਇਸ ਲਈ ਪਰਿਵਾਰ ਦੇ ਵੱਡਿਆਂ ਮੈਂਬਰਾਂ ਨੂੰ, ਵਿਵਹਾਰ ਦੇ ਆਦਰਸ਼ ਨਮੂਨੇ ਪੇਸ਼ ਕਰਨੇ ਚਾਹੀਦੇ ਹਨ।

### 8. ਧਾਰਮਿਕ ਕੰਮ (Religious Function)

ਕਿਸ਼ੋਰ ਬੱਚਾ, ਆਮ ਤੌਰ ਤੇ ਪਰਿਵਾਰ ਦਾ ਧਰਮ ਗ੍ਰਹਿਣ ਕਰਦਾ ਹੈ। ਪਰਿਵਾਰ ਨੂੰ ਚਾਹੀਦਾ ਹੈ ਕਿ ਉਸ ਨੂੰ ਅਜਿਹੀ ਸਿਖਲਾਈ ਪ੍ਰਦਾਨ ਕਰੇ, ਇਸ ਦੁਆਰਾ ਉਹ ਧਾਰਮਿਕ ਗੁਣਾਂ ਨੂੰ ਗ੍ਰਹਿਣ ਕਰ ਸਕੇ ਅਤੇ ਪਰਮਾਤਮਾ ਨਾਲ ਆਪਣੇ ਆਪ ਨੂੰ ਅਭੇਦ ਕਰ ਸਕੇ। ਧਾਰਮਿਕ ਸਿਖਲਾਈ ਉਸ ਵਿਚ ਵਿਚਾਰਾਂ ਤੇ ਕੰਮਾਂ ਦੀ ਸ਼ੁਧਤਾ, ਨਿਮਰਤਾ, ਖੁਲ੍ਹ-ਦਿਲੀ ਤੇ ਭਰਾਤਰੀ ਭਾਵ ਦੇ ਗੁਣ ਪੈਦਾ ਕਰੇਗੀ।

### 9. ਸੱਭਿਆਚਾਰਿਕ ਕਾਰਜ (Cultural Function)

ਕਿਸ਼ੋਰ ਬੱਚੇ ਨੂੰ ਆਪਣੇ ਸੱਭਿਆਚਾਰ ਦੀ ਜਾਣਕਾਰੀ, ਉਸਦੇ ਪਰਿਵਾਰ ਤੋਂ ਮਿਲਣੀ ਚਾਹੀਦੀ ਹੈ। ਸੱਭਿਆਚਾਰ ਦਾ ਸੰਚਾਰ ਪਰਿਵਾਰ ਦਾ ਇਕ ਮਹੱਤਵਪੂਰਨ ਕਾਰਜ ਹੈ। ਇਹ ਬੱਚੇ ਸਾਹਮਣੇ ਤਿੰਨ ਤਰ੍ਹਾਂ ਦਾ ਸੱਭਿਆਚਾਰ ਪੇਸ਼ ਕਰਦਾ ਹੈ- ਪਰਿਵਾਰਿਕ ਪਰੰਪਾਰਾਵਾਂ ਅਤੇ ਵਿਵਹਾਰ ਨਮੂਨੇ, ਸਥਾਨਕ ਸਮੁਦਾਇ ਦਾ ਸੱਭਿਆਚਾਰ ਦਾ ਇਕ ਜ਼ਰੂਰੀ ਅੰਗ ਬਣ ਜਾਂਦਾ ਹੈ।

### 10. ਮਨੋਰੰਜਕ ਕਾਰਜ (Recreational Function)

ਕਿਸ਼ੋਰ ਬੱਚੇ ਨੂੰ ਸਿਹਤਮੰਦ ਤੇ ਉਸਾਰੂ ਮਨੋਰੰਜਨ ਦੀ ਬਹੁਤ ਲੋੜ ਹੁੰਦੀ ਹੈ। ਪਰਿਵਾਰ ਦਾ ਇਕ ਕਾਰਜ ਹੈ ਕਿ ਬੱਚੇ ਨੂੰ ਅਜਿਹਾ ਮਨੋਰੰਜਨ ਪ੍ਰਦਾਨ ਕਰੇ, ਨਹੀਂ ਤਾਂ ਗਲਤ ਆਦਤਾਂ ਪੈਣ ਕਾਰਨ, ਉਹ ਆਪਣੇ ਸਮਾਜ ਵਿਚ ਸਮਾਯੋਜਨ ਨਹੀਂ ਕਰ ਸਕੇਗਾ।

## 1.5.4 ਸਕੂਲ ਦੇ ਕਾਰਜ (Function of School)

ਸਕੂਲ ਸਿੱਖਿਆ ਦਾ ਇਕ ਰਸਮੀ ਸਾਧਨ (Formal Agency) ਹੈ। ਬੱਚਾ ਗੈਰ ਰਸਮੀ (Informal education) ਘਰ ਜਾਂ ਪਰਿਵਾਰ ਵਿਚੋਂ ਪ੍ਰਾਪਤ ਕਰਦਾ ਹੈ। ਵਾਤਾਵਰਨ ਤੋਂ ਵੀ ਬੱਚਾ ਗੈਰ ਰਸਮੀ ਸਿੱਖਿਆ ਪ੍ਰਾਪਤ ਕਰਦਾ ਹੈ। ਫਿਰ ਬੱਚਾ ਸਕੂਲ ਜਾਕੇਂ ਰਸਮੀ ਸਿੱਖਿਆ ਹਾਸਿਲ ਕਰਦਾ ਹੈ।

### ਸਕੂਲ ਦੇ ਰਸਮੀ ਕਾਰਜ (Formal Function of Schools)

**1. ਮਾਨਸਿਕ ਸ਼ਕਤੀਆਂ ਦਾ ਵਿਕਾਸ (Development of Mental Abilities)**

ਸਕੂਲ ਦਾ ਪਹਿਲਾ ਰਸਮੀ ਕਾਰਜ, ਬੱਚੇ ਦੀਆਂ ਮਾਨਸਿਕ ਸ਼ਕਤੀਆਂ ਦਾ ਵਿਕਾਸ ਕਰਨਾ ਹੈ, ਜਿਸ ਦੁਆਰਾ ਉਹ ਆਪਣੀ ਸੁਤੰਤਰ ਵਿਚਾਰ-ਸ਼ਕਤੀ ਨੂੰ, ਸਮਝਣ ਤੇ ਕਾਰਜ ਕਰਨ ਵਿਚ ਸਫ਼ਲਤਾ ਪ੍ਰਾਪਤ ਕਰ ਸਕੇ। ਇਸ ਕਾਰਜ ਦੀ ਸਪੂੰਰਨਤਾ ਲਈ, ਸਕੂਲ, ਬੱਓ ਸਾਹਮਣੇ ਅਜਿਹਾ ਵਾਤਾਵਰਨ ਪ੍ਰਸਤੁੱਤ ਕਰਦਾ ਹੈ, ਜਿਸ ਦੁਆਰਾ ਉਸ ਵਿਚ ਜਗਿਆਸਾ ਤੇ ਉਸਸੁੱਕਤਾ ਪੈਦਾ ਹੋ ਜਾਂਦੀ ਹੈ ਤੇ ਉਹ ਆਪਣੀਆਂ ਲੋੜਾਂ, ਰੁਚੀਆਂ, ਯੋਗਤਾਵਾਂ ਤੇ ਰੁਝਾਨਾਂ ਅਨੁਸਾਰ ਵਿਕਸਿਤ ਹੁੰਦਾ ਰਹਿੰਦਾ ਹੈ।

**2. ਚਰਿੱਤਰ ਦਾ ਵਿਾਕਸ (Development of Character)**

ਸਕੂਲ ਦਾ ਸੱਭ ਤੋਂ ਮਹੱਤਵਪੂਰਨ, ਬੱਚਿਆਂ ਦਾ ਨੈਤਿਕ ਤੇ ਚਰਿੱਤਰਿਕ ਵਿਕਾਸ ਕਰਨਾ ਹੈ। ਪ੍ਰਾਚੀਨ ਜੁੱਗ ਵਿਚ ਇਹ ਕੰਮ ਪਰਿਵਾਰ ਤੇ ਧਰਮ, ਦੇ ਸੰਸਥਾਵਾਂ ਕਰਦੀਆਂ ਹਨ। ਸਮਾਜ ਦੀ ਜਟਿਲਤਾ ਕਾਰਨ, ਹੁਣ ਉਹ ਇਹ ਕੰਮ ਕਰਨ ਤੋਂ ਅਸਮ੍ਰੱਥ ਹੋ ਗਈਆਂ ਹਨ ਤੇ ਇਸਦੀ ਜ਼ਿਮੇਵਾਰੀ ਸਕੂਲ ਨੂੰ ਮਿਲ ਗਈ ਹੈ। ਸਕੂਲ ਇਹ ਨੈਤਿਕ ਤੇ ਚਰਿੱਤਰਿਕ-ਵਿਕਾਸ ਦੀ ਜ਼ਿਮੇਵਾਰੀ, ਸਕੂਲ ਵਿਚ ਸਮਾਜਿਕ ਵਾਤਾਵਰਨ ਤੇ ਸਮਾਜਿਕ ਕਿਰਿਆਵਾਂ ਦੀ ਵਿਵਸਥਾ ਕਰਕੇ ਪੂਰੀ ਕਰ ਸਕਦਾ ਹੈ। ਸਕੂਲ ਨੂੰ ਇਹ ਚਾਹੀਦਾ ਹੈ ਕਿ ਉਹ ਕਿਸ਼ੋਰ ਬੱਚਿਆਂ ਸਾਹਮਣੇ ਅਜਿਹਾ ਸ਼ੁੱਧ ਤੇ ਪਵਿੱਤਰ, ਸਮਾਜਿਕ ਵਾਤਾਵਰਨ ਪ੍ਰਸਤੁੱਤ ਕਰੇ ਕਿ ਜਿਸ ਵਿਚ ਰਹਿੰਦੇ ਹੋਏ, ਉਹ ਅਧਿਆਤਮਿਕ ਸੁਤੰਤਰਤਾ ਦਾ ਅਨੁਭਵ ਕਰਦੇ ਹੋਏ, ਸਮਾਜਿਕ ਕਿਰਿਆਵਾਂ ਵਿਚ ਭਾਗ ਲੈ ਕੇ, ਆਪਣਾ ਨੈਤਿਕ ਤੇ ਚਰਿੱਤਰਿਕ ਵਿਕਾਸ ਕਰ ਸਕਣ।

**3. ਸੰਸਕ੍ਰਿਤੀ ਦੀ ਸੰਭਾਲ, ਸੁਧਾਰ ਤੇ ਸਥਾਨਾਂਤਰ (Preservation Improvement and Tansmission of Culture)**

ਸਕੂਲ ਦਾ ਇਹ ਪ੍ਰਮੁੱਖ ਰਸਮੀ ਕਾਰਜ, ਸਮਾਜ ਦੀ ਸੰਸਕਿਰਤੀ ਦੀ ਸੰਭਾਲ, ਉਸ ਵਿਚ ਸੁਧਾਰ ਤੇ ਭਾਵੀ ਪੀੜ੍ਹੀ ਨੂੰ ਉਸਦਾ ਸਥਾਂਨਤਾਰ ਕਰਨਾ ਹੈ। ਇਹ ਸਕੂਲ ਦਾ ਕਾਰਜ ਹੈ ਕਿ ਉਹ ਸੰਸਕ੍ਰਿਤੀ ਦੀ ਸੁਰੱਖਿਆ ਤੇ ਸੁਧਾਰ ਕਰੇ ਅਤੇ ਉਸਨੂੰ ਭਾਵੀ ਪੀੜ੍ਹੀ ਲਈ, ਭਿੰਨ-ਭਿੰਨ ਸਮਾਜਿਕ ਤੇ ਵਿਗਿਆਨਿਕ ਵਿਸ਼ਿਆਂ ਦੇ ਰੂਪ ਵਿਚ ਸਥਾਨਾਂਤਰ ਕਰੇ। ਇਸ ਦੁਆਰਾ ਬੱਚੇ ਆਪਣੇ ਪ੍ਰਾਕਿਰਤਿਕ, ਰਾਜਨੀਤਿਕ, ਆਰਥਿਕ, ਸੰਸਕ੍ਰਿਤਿਕ ਅਤੇ ਧਾਰਮਿਕ, ਸੱਭ ਪ੍ਰਕਾਰ ਦੇ ਵਾਤਾਵਰਨ ਤੋਂ ਜਾਣੂ ਹੋ ਜਾਣਗੇ।

### 4. ਵਿਵਸਾਇਕ ਤੇ ਉਦਯੋਗਿਕ ਸਿੱਖਿਆ (Vocational and Industrial Education)

ਕਿਸ਼ੋਰ ਬੱਚਿਆਂ ਨੂੰ ਲੋੜੀਦੀ ਵਿਵਸਾਇਕ ਤੇ ਉਦਯੋਗਿਕ ਸਿੱਖਿਆ ਪ੍ਰਦਾਨ ਕਰਨਾ, ਸਕੂਲ ਦਾ ਇਕ ਹੋਰ ਮਹੱਤਵਪੂਰਨ ਕਾਰਜ ਹੈ। ਇਸ ਸਿੱਖਿਆ ਦੁਆਰਾ, ਉਹ ਅੱਗੇ ਚੱਲ ਕੇ, ਸਮਾਜ ਤੇ ਹੋਰ ਵਿਅਕਤੀਆਂ ਉਤੇ ਭਾਰ ਨਹੀਂ ਬਣਨਗੇ ਤੇ ਆਪਣੀ ਉਪਜੀਵਕਾ ਆਪ ਕਮਾ ਸਕੱਣਗੇ। ਸਾਡੇ ਦੇਸ਼ ਵਿਚ ਇਸ ਦੀ ਬਹੁਤ ਲੋੜ ਹੈ।

### 5. ਨੇਤਾਗੀਰੀ ਲਈ ਸਿੱਖਿਆ (Education for leadership)

ਸਕੂਲ ਦਾ ਇਹ ਕਾਰਜ ਹੈ ਕਿ ਉਹ ਵਿਦਿਆਰਥੀਆਂ ਵਿਚ ਕਿਸੇ ਕਾਰਜ ਆਰੰਭ ਕਰਨ ਅਤੇ ਨੇਤਾਗੀਰੀ ਸੰਬੰਧੀ ਗੁਣਾਂ ਦਾ ਵਿਕਾਸ ਕਰੇ, ਜਿਸ ਦੁਆਰਾ ਉਹ ਚੰਗੇ ਨਾਗਰਿਕ ਤੇ ਇਮਾਨਦਾਰ ਨੇਤਾ ਬਣ ਸਕਣ। ਲੋਕਤੰਤਰ ਦੀ ਸਫ਼ਲਤਾ ਲਈ, ਚੰਗੇ ਨੇਤਾਵਾਂ ਦਾ ਹੋਣਾ ਬਹੁਤ ਜ਼ਰੂਰੀ ਹੈ।

### ਸਕੂਲ ਦੇ ਗੈਰ-ਰਸਮੀ ਕਾਰਜ (Informal Functions of the school) :

### 1. ਸਰੀਰਿਕ ਵਿਕਾਸ (Physical Development)

ਸਕੂਲ ਦਾ ਗੈਰ ਰਸਮੀ ਕਾਰਜ ਬੱਚੇ ਨੂੰ ਸਿਹਤਮੰਦ ਤੇ ਸ਼ਕਤੀਸ਼ਾਲੀ ਬਣਾਉਣਾ ਹੈ। ਇਸ ਲਈ, ਸਕੂਲ ਦਾ ਸੰਪੂਰਨ ਵਾਤਾਵਰਨ ਅਜਿਹਾ ਹੋਣਾ ਚਾਹੀਦਾ ਹੈ ਕਿ ਬੱਚੇ ਖੇਡਾਂ ਵਿਚ ਸਤੁੰਤਰਤਾ ਪੂਰਵਕ ਭਾਗ ਲੈ ਸਕਣ ਤੇ ਕਸਰਤ ਕਰ ਸਕਣ।

### 2. ਸਮਾਜਿਕ ਭਾਵਨਾ ਦਾ ਵਿਕਾਸ (Development of Social Feelings)

ਬੱਚਿਆਂ ਵਿਚ ਸਮਾਜਿਕ ਭਾਵਨਾ ਨੂੰ ਵਿਕਸਿਤ ਕਰਨਾ, ਸਕੂਲ ਦਾ ਇਕ ਹੋਰ ਕਾਰਜ ਹੈ। ਇਸ ਸਕੂਲ, ਸਮਾਜ ਦਾ ਲਘੂ ਰੂਪ ਹੈ। ਇਸ ਲਈ, ਸਕੂਲ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਸਾਹਮਣੇ ਵਿਦਿਆਰਥੀ-ਸੰਗਠਨਾਂ, ਸਮਾਜ ਸੇਵਾ ਕੈਂਪ, ਸਮਾਜਿਕ ਉਤਸੱਵ ਅਤੇ ਅਧਿਆਪਕ-ਮਾਪੇ ਸੰਘ (Parent-Teacher Association) ਆਦਿ ਦੀ ਵਿਵਸਥਾ ਕਰਕੇ, ਅਜਿਹਾ ਸਮਾਜਿਕ ਵਾਤਾਵਰਨ ਪ੍ਰਸਤੁੱਤ ਕਰੇ ਕਿ ਬੱਚੇ ਵਿਚ ਸਮੂਹਿਕ ਪ੍ਰਵਿਰਤੀ ਤੇ ਸਮਾਜਿਕ ਦ੍ਰਿਸ਼ਟੀਕੋਣ ਉਤਪੰਨ ਹੁੰਦੇ ਰਹਿਣ ਤੇ ਉਸ ਵਿਚ ਸਮਾਜਿਕ ਚੇਤਨਾ, ਸਹਿਯੋਗ, ਸਮਾਜਿਕ ਸੇਵਾ, ਸਹਿਣਸ਼ੀਲਤਾ ਤੇ ਅਨੁਸ਼ਾਸਨ ਆਦਿ ਭਿੰਨ-ਭਿੰਨ ਸਮਾਜਿਕ ਗੁਣ ਵਿਕਸਿਤ ਹੋ ਸਕਣ ਤੇ ਉਹ ਸਮਾਜ ਦੀ ਸੇਵਾ ਕਰਨ।

### 3. ਸੰਵੇਗਾਤਮਿਕ ਵਿਕਾਸ (Emotional Development)

ਬੱਚਿਆਂ ਦਾ ਸੰਵੇਗਾਤਮਿਕ ਰੂਪ ਵਿਚ ਵਿਕਾਸ ਕਰਨਾ, ਸਕੂਲ ਦਾ ਇਕ ਹੋਰ ਮਹੱਤਵਪੂਰਨ ਗੈਰ ਰਸਮੀ ਕਾਰਜ ਹੈ। ਇਸ ਲਈ, ਸਾਰੇ ਸਕੂਲ ਦਾ ਵਾਤਾਵਰਨ ਕਲਾਤਮਿਕ ਹੋਣਾ ਚਾਹੀਦਾ ਹੈ। ਸਕੂਲ ਦਾ ਬਗੀਚਾ, ਕਮਰਿਆਂ ਦੀ ਅੰਦਰਲੀ ਸੁੰਦਰਤਾ, ਸਮੇਂ-ਸਮੇਂ ਸਕੂਲ ਭ੍ਰਮਣ, ਸੰਮੇਲਨ, ਸੰਗੀਤ ਕਿਰਿਆਵਾਂ, ਵਾਦ-ਵਿਵਾਦ, ਪ੍ਰਦਰਸ਼ਨੀਆਂ ਆਦਿ ਦੀ ਵਿਵਸਥਾ ਸਕੂਲ ਪਾਠਕਰਮ ਵਿਚ ਹੋਣੀ ਚਾਹੀਦੀ ਹੈ।

### 4. ਰਚਨਾਤਮਿਕ ਸ਼ਕਤੀ ਦਾ ਵਿਕਾਸ (Development of Creative Power)

ਕਿਰਿਆਸ਼ੀਲ ਵਾਤਾਵਰਨਦਾ ਨਿਰਮਾਣ ਕਰਕੇ, ਵਿਦਿਆਰਥੀਆਂ ਦੀਆਂ ਰੁਚੀਦਾਇਕ ਤੇ ਰਚਨਾਤਮਿਕ ਕਿਰਿਆਵਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਲਈ ਸਕੂਲ ਮੈਗਜ਼ੀਨ, ਦੀਵਾਰ-ਪੱਤਰਿਕਾ ਅਤੇ ਹੋਰ ਸਾਹਿੱਤਕ ਮੁਕਾਬਲੇ ਕਰਵਾਏ

ਜਾਣੇ ਚਾਹੀਦੇ ਹਨ। ਇਨ੍ਹਾਂ ਨਾਲ ਬੱਚਿਆਂ ਦੀ ਰਚਨਾਤਮਿਕ ਸ਼ਕਤੀ ਦਾ ਵਿਕਾਸ ਹੋਵੇਗਾ। ਸਕੂਲ ਦੇ ਹੋਰ ਕੰਮਾਂ ਦੀ ਸਪੂੰਰਨਤਾ ਵਿਚ ਬੱਚਿਆਂ ਨੂੰ ਪੂਰਾ ਹਿੱਸਾ ਮਿਲਣਾ ਚਾਹੀਦਾ ਹੈ।

## 1.5.5 ਜੰਨ-ਸੰਚਾਰ ਦੀ ਭੂਮਿਕਾ (Role of Community)

ਸਮੁਦਾਇ ਵਿਕਾਸ ਦਾ ਇੱਕ ਗੈਰ-ਰਸਮੀ ਸਿੱਖਿਆ ਸਾਧਨ ਹੈ। ਸਮੁਦਾਇ ਸਮਾਜ ਦਾ ਇਕ ਛੋਟਾ ਰੂਪ ਹੈ। ਇਹ ਸਮਾਜ ਦਾ ਜ਼ਰੂਰੀ ਭਾਗ ਹੈ। ਸਮੁਦਾਇ ਕਿਸੇ ਪਿੰਡ ਜਾਂ ਸ਼ਹਿਰ ਵਿਚ ਵਸਦੇ ਪਰਿਵਾਰਾਂ ਦਾ ਇੱਕ ਅਜਿਹਾ ਸਮੂਹ ਹੈ ਜਿਨ੍ਹਾਂ ਦੇ ਲਗਭਗ ਸਾਂਝੇ ਵਿਹਾਰ, ਵਿਚਾਰ, ਕੀਮਤਾਂ (values) ਤੇ ਸਭਿਆਚਾਰ ਹੁੰਦੇ ਹਨ। ਇਸ ਪ੍ਰਕਾਰ ਸਮੁਦਾਇ ਲੋਕਾਂ ਦਾ ਇੱਕ ਸਮੂਹ ਹੁੰਦਾ ਹੈ ਜੋ ਇੱਕ ਛੋਟੇ ਜਿਹੇ ਖੇਤਰ ਵਿਚ ਰਹਿੰਦੇ ਹਨ ਅਤੇ ਜਿਨ੍ਹਾਂ ਦਾ ਜੀਵਨ ਢੰਗ ਇਕ ਸਮਾਨ ਹੁੰਦਾ ਹੈ।

### ਸਮੁਦਾਇ ਦੇ ਕਾਰਜ (Function of Community)

### Formal Function ਇਸ ਪ੍ਰਕਾਰ ਹਨ-

**1. ਸਰਬ-ਵਿਆਪਕ ਸਿੱਖਿਆ ਦੀ ਵਿਵਸਥਾ (Provision of Universal Education)**

ਸਮੁਦਾਇ ਸਰਬ-ਵਿਆਪਕ ਸਿੱਖਿਆ ਪ੍ਰਦਾਨ ਕਰਦਾ ਹੈ। ਸਿੱਖਿਆ, ਜੋ ਹਰੇਕ ਦੇ ਅਨੁਕੂਲ ਹੋਵੇ ਅਤੇ ਜੋ ਵਿਸ਼ਵ ਵਿਆਪੀ ਪੱਧਰ ਦੀ ਤੇ ਮਹੱਤਵਪੂਰਨ ਹੋਵੇ, ਸਮੁਦਾਇ/ਸਮਾਜ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ। ਇਹੀ ਸਿੱਖਿਆ ਸਮਾਜ ਦੇ ਕਲਿਆਣ ਵਿੱਚ ਸਹਾਇਕ ਹੁੰਦੀ ਹੈ।

**2. ਰਸਮਾਂ-ਰਿਵਾਜਾਂ ਅਤੇ ਪਰੰਪਰਾਵਾਂ ਦੀ ਸੰਭਾਲ (Preservation of Traditions and Conventions)**

ਸਮੁਦਾਇ, ਦੀਆਂ ਆਪਣੀਆਂ ਕੁਝ ਵਿਸ਼ੇਸ਼ ਰਸਮਾਂ ਤੇ ਪਰੰਪਰਾਵਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਉਹ ਕਾਇਮ ਰੱਖਣਾ ਚਾਹੁੰਦਾ ਹੈ। ਉਹ ਆਰਟ ਗੈਲਰੀਆਂ ਤੇ ਸੰਗ੍ਰਹਿਆਲੇ ਅਦਿ ਬਣਾ ਕੇ, ਇੰਜ ਕਰ ਸਕਦਾ ਹੈ। ਚੰਗੀਆਂ ਕਦਰਾਂ ਕੀਮਤਾਂ ਨੂੰ ਸੰਚਾਰ ਮਾਧਿਅਮਾਂ ਦੁਆਰਾ ਪ੍ਰਚਾਰਿਆ ਜਾਂਦਾ ਹੈ।

**3. ਨੈਤਿਕ ਅਤੇ ਅਧਿਆਤਮਿਕ ਮੁੱਲਾਂ ਨੂੰ ਗ੍ਰਹਿਣ ਕਰਾਉਣਾ (Inculcation of moral and spiritual values)**

ਸਮੁਦਾਇ ਦਾ ਆਪਣਾ ਸੱਭਿਆਚਰਕ ਅਤੇ ਵਿਰਸਾ ਬਹੁਤ ਅਮੀਰ ਹੁੰਦਾ ਹੈ। ਉਸ ਨੇ ਅਨੇਕਾਂ ਨੈਤਿਕ ਤੇ ਅਧਿਆਤਮਿਕ ਮੁੱਲ ਸੰਭਾਲੇ ਹੁੰਦੇ ਹਨ। ਇਹ ਇਨ੍ਹਾਂ ਮੁੱਲਾਂ ਨੂੰ ਹਰ ਮੈਂਬਰ ਵਿਚ ਵਸਾਉਣਾ ਤੇ ਰਸਾਉਣਾ ਚਾਹੁੰਦਾ ਹੈ। ਉਹ ਇਹ ਕੰਮ ਸਿੱਖਿਆ ਦੁਆਰਾ ਹੀ ਕਰਦਾ ਹੈ।

**4. ਲੋਕ ਪੁਸਤਕਾਲਿਆ ਦੀ ਸਥਾਪਨਾ (Establishment of Public Libraries)**

ਸਮੁਦਾਇ, ਆਪਣੇ ਮੈਂਬਰਾਂ ਦੇ ਗਿਆਨ ਦੇ ਵਾਧੇ ਲਈ, ਲੋਕ-ਪੁਸਤਕਾਲਿਆਂ ਦੀ ਸਥਾਪਨਾ ਕਰਦਾ ਹੈ। ਇਸ ਵਿੱਚ ਸਾਰੇ ਵਰਗਾਂ ਦੇ ਲੋਕ, ਪੁਸਤਕਾਂ ਤੇ ਅਖਬਾਰਾਂ ਆਦਿ ਪੜ੍ਹਦੇ ਹਨ। ਉਹਨਾਂ ਨੂੰ ਸਮਾਜ, ਰਾਸ਼ਟਰ ਤੇ ਵਿਸ਼ਵ ਦੀਆਂ ਗਤੀਵਿਧੀਆਂ ਦਾ ਪਤਾ ਲਗਦਾ ਹੈ।

**5. ਵਿਵਸਾਇਕ ਤੇ ਉਦਯੋਗਿਕ ਸਿੱਖਿਆ ਪ੍ਰਦਾਨ ਕਰਨਾ (To provide vocational and Industrial Education)**

ਸਮੁਦਾਇ, ਸਧਾਰਨ ਸਕੂਲਾਂ ਤੇ ਇਲਾਵਾ, ਕਿਸ਼ੋਰਾਂ ਦੇ ਕਲਿਆਣ ਲਈ, ਕਈ ਵਿਵਸਇਕ ਤੇ ਉਦਯੋਗਿਕ ਸਿਖਲਾਈ ਕੇਂਦਰ ਵੀ ਖੋਲ੍ਹਦਾ ਹੈ। ਉਹ ਹਰੇਕ ਪ੍ਰਕਾਰ ਦੀ ਉਪਯੋਗੀ ਸਿੱਖਿਆ ਦਾ ਪ੍ਰਬੰਧ ਕਰਦਾ ਹੈ।

**6. ਵੱਖ-ਵੱਖ ਸਿੱਖਿਆ ਸਾਧਨਾਂ ਦਾ ਤਾਲਮੇਲ (Coordination Copration of Deferent Educational Sources)**

ਸਮੁਦਾਇ, ਘਰ ਤੇ ਸਕੂਲ ਨੂੰ ਜੋੜਦਾ ਹੈ। ਇਹ, ਚਲਦੇ ਸਕੂਲਾਂ ਨੂੰ ਹੋਰ ਚੰਗਾ ਕਰਦਾ ਹੈ। ਪਰਿਵਾਰਾਂ ਦੀ ਹਾਲਤ ਵਿੱਚ ਵੀ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਇਹ ਸਕੂਲਾਂ ਦਾ ਮਾਰਗ ਦਰਸ਼ਨ ਕਰਦਾ ਹੈ ਤਾਂ ਜੋ ਉਹ ਵਿਅਕਤੀ ਦੀ ਤਰੱਕੀ ਵਿੱਚ ਹੋਰ ਵਧੇਰੇ ਲਾਭਦਾਇਕ ਸਿੱਧ ਹੋ ਸਕਣ।

**7. ਵਿਅਕਤੀ ਦਾ ਸਰਬਪੱਖੀ ਵਿਕਾਸ ਕਰਨਾ (all round development of the Individual)**

ਸਮੁਦਾਇ, ਸਿੱਖਣ ਵਾਲੇ ਵਿਚ ਭਿੰਨ-ਭਿੰਨ ਤਰ੍ਹਾਂ ਦੇ ਵਿਕਾਸ, ਜਿਵੇਂ ਕਿ ਸਰੀਰਿਕ, ਨੈਤਿਕ, ਸਮਾਜਿਕ, ਸੰਸਕ੍ਰਿਤਿਕ, ਸਿੱਖਿਅਕ ਆਦਿ ਲਿਆਉਣ ਲਈ, ਸਕੂਲ ਵਿਚ ਉਚਿਤ ਵਾਤਾਵਰਨ ਦਾ ਨਿਰਮਾਣ ਕਰਦਾ ਹੈ। ਇਸ ਤਰ੍ਹਾਂ, ਇਹ ਵਿਅਕਤੀ ਨੂੰ ਸਮਾਜ ਤੇ ਰਾਸ਼ਟਰ ਲਈ, ਯੋਗ ਵਿਅਕਤੀ ਬਣਾਉਂਦਾ ਹੈ।

**ਗੈਰ-ਰਸਮੀ ਕਾਰਜ (Informal function of community)**

**1. ਸਰੀਰਿਕ ਵਿਕਾਸ (Physical Development)**

ਭਾਵੇਂ ਕਿਸ਼ੋਰ ਬੱਚੇ ਦੇ ਸਰੀਰਿਕ ਵਿਕਾਸ ਉਤੇ ਪਰਿਵਾਰ ਤੇ ਸਕੂਲ ਆਦਿ ਸੰਸਥਾਵਾਂ ਦਾ ਡੂੰਘਾ ਪ੍ਰਭਾਵ ਪੈਂਦਾ ਹੈ, ਪਰੰਤੂ, ਇਸ ਸੰਬੰਧ ਵਿਚ ਸਮੁਦਾਇ ਦਾ ਵਾਤਾਵਰਨ ਵੀ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਸਮੁਦਾਇ, ਸਥਾਨਿਕ ਸੰਸਥਾਵਾਂ ਦਾ ਨਿਰਮਾਣ ਕਰਦਾ ਹੈ ਜੋ ਸਫ਼ਾਈ ਦਾ ਪ੍ਰਬੰਧ ਕਰਦੀਆਂ ਹਨ ਤੇ ਬਾਗਾਂ ਪਾਰਕਾਂ ਆਦਿ ਦੀ ਵਿਵਸਥਾ ਕਰਦੀਆਂ ਹਨ। ਸਾਫ਼ ਤੇ ਸਵੱਛ ਵਾਤਾਵਰਨ ਵਿਚ ਰਹਿਣ ਨਾਲ ਬੱਚੇ ਵਿਚ ਸਫ਼ਾਈ ਦੀ ਆਦਤ ਪੈ ਜਾਂਦੀ ਹੈ। ਇਸ ਤੋਂ ਇਲਾਵਾ ਸਮੁਦਾਇ, ਸਿਹਤ-ਕੇਂਦਰਾਂ ਅਤੇ ਹਸਪਤਾਲਾਂ ਦਾ ਵੀ ਪ੍ਰਬੰਧ ਕਰਦਾ ਹੈ:

**2. ਮਾਨਸਿਕ ਵਿਕਾਸ (Mental Development)**

ਸਮੁਦਾਇ, ਥਾਂ-ਥਾਂ 'ਤੇ ਪੁਸਤਕਾਲਿਆਂ ਦਾ ਪ੍ਰਬੰਧ ਕਰਦਾ ਹੈ, ਜਿਸ ਤੋਂ ਬੱਚੇ ਦੇ ਗਿਆਨ ਵਿਚ ਵਾਧਾ ਹੁੰਦਾ ਹੈ। ਇਹੀ ਨਹੀਂ, ਉਹ ਸਮੇਂ-ਸਮੇਂ 'ਤੇ ਵਾਦ-ਵਿਵਾਦ ਮੁਕਾਬਲੇ, ਕਵੀ-ਸੰਮੇਲਨਾਂ, ਕਵੀ-ਸੰਮੇਲਨਾਂ ਤੇ ਹੋਰ ਅਨੇਕ ਪ੍ਰਕਾਰ ਦੀਆਂ ਗੋਸ਼ਠੀਆਂ ਦੀ ਵੀ ਵਿਵਸਥਾ ਕਰਦਾ ਹੈ। ਇਨ੍ਹਾਂ ਨਾਲ ਕਿਸ਼ੋਰ ਬੱਚੇ ਦਾ ਮਨੋਰੰਜਨ ਵੀ ਹੁੰਦਾ ਹੈ ਤੇ ਮਾਨਸਿਕ ਵਿਕਾਸ ਵੀ ਹੁੰਦਾ ਹੈ।

**3. ਸਮਾਜਿਕ ਵਿਕਾਸ (Social Development)**

ਸਮੁਦਾਇ ਵਿਚ ਸਮੇਂ-ਸਮੇਂ 'ਤੇ ਸਮਾਜਿਕ ਸਮਾਰੋਹ, ਮੇਲੇ, ਉਤਸਵ ਤੇ ਧਾਰਮਿਕ ਕਾਰਜ ਹੁੰਦੇ ਰਹਿੰਦੇ ਹਨ। ਬੱਚਾ ਇਨ੍ਹਾਂ ਸਾਰਿਆਂ ਵਿਚ ਭਾਗ ਲੈਂਦੇ ਹੋਏ, ਸਮੁਦਾਇ ਦੇ ਭਿੰਨ-ਭਿੰਨ ਵਿਅਕਤੀਆਂ ਨਾਲ ਸੰਪਰਕ ਸਥਾਪਿਤ ਕਰਦਾ ਹੈ। ਇਸ ਨਾਲ ਉਸ ਵਿਚ ਸਮਾਜਿਕਤਾ ਵੀ ਭਾਵਨਾ ਵਿਕਸਿਤ ਹੋ ਜਾਂਦੀ ਹੈ ਉਸ ਨੂੰ ਸਮਾਜਿਕ ਰੀਤੀ-ਰਿਵਾਜ, ਪਰੰਪਰਾਵਾਂ, ਮਾਨਤਾਵਾਂ ਤੇ ਆਦਰਸ਼ਾਂ ਆਦਿ ਦਾ ਗਿਆਨ ਪ੍ਰਾਪਤ ਹੁੰਦਾ ਹੈ। ਉਸ ਵਿਚ ਹਮਦਰਦੀ, ਸਹਿਯੋਗ, ਸਹਿਣਸ਼ੀਲਤਾ, ਸਮਾਜ ਸੇਵਾ ਤੇ ਤਿਆਗ ਆਦਿ ਅਨੇਕ ਸਮਾਜਿਕ ਗੁਣਾਂ ਦਾ ਵਿਕਾਸ ਹੁੰਦਾ ਹੈ। ਇਸ ਤੋਂ ਇਲਾਵਾ, ਸਮਾਜ ਵਿਚ ਰਹਿ ਕੇ ਉਸਨੂੰ ਆਪਣੇ ਅਧਿਕਾਰਾਂ, ਸੁਤੰਤਰਤਾ ਤੇ ਅਨੁਸ਼ਾਸਨ ਦੇ ਵਾਸਤਵਿਕ ਅਰਥ ਵੀ ਸਮਝ ਵਿਚ ਆ ਜਾਂਦੇ ਹਨ। ਇਸ ਦੁਆਰਾ ਉਸਦਾ ਸੰਪੂਰਨ ਰੂਪ ਵਿਚ ਸਮਾਜੀਕਰਨ ਹੋ ਜਾਂਦਾ ਹੈ।

**4. ਚਰਿੱਤਰਿਕ ਤੇ ਨੈਤਿਕ ਵਿਕਾਸ (Chracter and Moral Development)**

ਉਂਜ ਤਾਂ ਕਿਸ਼ੋਰ ਬੱਚੇ ਦੇ ਚਰਿੱਤਰਿਕ ਤੇ ਨੈਤਿਕ ਵਿਕਾਸ ਉੱਤੇ ਪਰਿਵਾਰ ਦਾ ਹੀ ਵਿਸ਼ੇਸ਼ ਪ੍ਰਭਾਵ ਪੈਂਦਾ ਹੈ, ਪਰੰਤੂ ਇਸ ਕਾਰਜ ਵਿਚ, ਸਮੁਦਾਇ ਦੀ ਭੂਮਿਕਾ ਦੀ ਕਾਫ਼ੀ ਮਹੱਤਵਪੂਰਨ ਹੈ। ਇਹ ਪ੍ਰਭਾਵ ਚੰਗਾ ਵੀ ਹੋ ਸਕਦਾ ਹੈ ਤੇ ਬੁਰਾ ਵੀ। ਜੇਕਰ ਸਮੁਦਾਇ ਦਾ ਵਾਤਾਵਰਨ ਸ਼ੁੱਧ, ਅਨੁਸ਼ਾਸਿਤ ਤੇ ਸਰਲ ਹੋਵੇਗਾ ਤਾਂ ਬੱਚੇ ਵਿਚ ਚੰਗੇ ਚਰਿਤਰਿਕ ਤੇ ਨੈਤਿਕ ਗੁਣ ਵਿਕਸਿਤ ਹੋਣਗੇ, ਜੇਕਰ ਨਹੀਂ ਤਾਂ ਅਨੈਤਿਕ ਗੁਣ ਵਿਕਸਿਤ ਹੋਣਗੇ। ਇਸ ਪ੍ਰਕਾਰ, ਬੱਚੇ ਦੇ ਨੈਤਿਕ ਤੇ ਅਨੈਤਿਕ ਚਰਿੱਤਰ ਨੂੰ ਪਰਿਵਾਰ ਤੋਂ ਪਿੱਛੋਂ, ਸਮੁਦਾਇ ਹੀ ਪ੍ਰਭਾਵਿਤ ਕਰਦਾ ਹੈ।

**5. ਸੰਸਕ੍ਰਿਤਿਕ ਪ੍ਰਭਾਵ (Cultural Development)**

ਹਰੇਕ ਸਮੁਦਾਇ ਦੀ ਆਪਣੀ ਵਿਸ਼ੇਸ਼ ਸੰਸਕ੍ਰਿਤੀ ਹੁੰਦੀ ਹੈ। ਇਸ ਸੰਸਕ੍ਰਿਤੀ ਦੀ ਛਾਪ, ਸਮਾਜ ਦੇ ਹਰ ਮੈਂਬਰ ਉੱਤੇ ਲੱਗੀ ਹੁੰਦੀ ਹੈ। ਉਹ ਜਾਣੇ-ਅਣਜਾਣੇ, ਸਮੁਦਾਇ ਵਿਚ ਰਹਿੰਦਾ ਹੋਇਆ, ਆਪਣੇ ਆਪ ਸਮੁਦਾਇ ਦੀ ਸੰਸਕ੍ਰਿਤੀ ਅਪਣਾ ਲੈਂਦਾ ਹੈ। ਉਹ ਆਪਣੇ ਸਮੁਦਾਇ ਦਾ ਇਕ ਪ੍ਰਤੀਨਿਧ ਬਣ ਜਾਂਦਾ ਹੈ। ਇਸ ਤਰ੍ਹਾਂ ਉਸਦੀ ਇਕ ਵੱਖਰੀ ਪਛਾਣ ਸਥਾਪਿਤ ਹੁੰਦੀ ਹੈ।

**6. ਵਿਵਸਾਇਕ ਵਿਕਾਸ (Vocational development)**

ਸਮੁਦਾਇ ਦਾ ਪ੍ਰਭਾਵ ਕਿਸ਼ੋਰ ਬੱਚੇ ਦੇ ਵਿਵਸਾਇਕ ਵਿਕਾਸ ਉੱਤੇ ਵੀ ਪੈਂਦਾ ਹੈ। ਕਿਸ਼ੋਰ ਬੱਚਾ ਦੇਖਦਾ ਹੈ ਕਿ ਉਸਦੇ ਸਮਾਜ ਦੇ ਲੋਕ, ਕਿਹੜੇ ਕਿੱਤੇ ਦੁਆਰਾ ਆਪਣੀਆਂ ਆਰਥਿਕ ਲੋੜਾਂ ਪੂਰੀਆਂ ਕਰਦੇ ਹਨ। ਹੌਲੀ-ਹੌਲੀ ਉਹ ਵੀ ਉਸ ਕਿੱਤੇ ਵਿਚ ਦਿਲਚਸਪੀ ਲੈਣ ਲੱਗ ਪੈਂਦਾ ਹੈ। ਅੰਤ ਵਿਚ ਉਸ ਨੂੰ ਹੀ ਉਹ ਆਪਣੀ ਉਪਜੀਵਿਕਾ ਦਾ ਸਾਧਨ ਬਣਾ ਲੈਂਦਾ ਹੈ। ਸ਼ਹਿਰਾਂ ਦੇ ਮੁਕਾਬਲੇ, ਪਿੰਡਾਂ ਦੇ ਪ੍ਰਸੰਗ ਵਿਚ ਇਹ ਗੱਲ ਵਧੇਰੇ ਸਹੀ ਹੈ।

**7. ਰਾਜਨੀਤਿਕ ਵਿਕਾਸ (Political Development)**

ਸਮੁਦਾਇ ਦੇ ਭਿੰਨ-ਭਿੰਨ ਮੈਂਬਰਾਂ ਨਾਲ ਵਾਦ-ਵਿਵਾਦ ਕਰਨ, ਉੱਠਣ-ਬੈਠਣ ਤੇ ਨੇਤਾਵਾਂ ਦੇ ਭਾਸ਼ਣਾਂ ਨੂੰ ਸੁਣਨ ਨਾਲ, ਬੱਚੇ ਨੂੰ ਭਿੰਨ-ਭਿੰਨ ਵਿਚਾਰਧਾਰਾਵਾਂ ਦਾ ਗਿਆਨ ਹੋ ਜਾਂਦਾ ਹੈ। ਇਨ੍ਹਾਂ ਵਿਚੋਂ ਕਿਸੇ ਇਕ ਵਿਚਾਰਧਾਰਾ ਨੂੰ ਉਹ ਆਪਣਾ ਲੈਂਦਾ ਹੈ

ਤੇ ਉਸ ਉਪਰ ਪਹਿਲਾ ਦੇਣ ਲੱਗ ਪੈਂਦਾ ਹੈ। ਇਸ ਤਰ੍ਹਾਂ ਸਮੁਦਾਇ ਦਾ ਰਾਜਨੀਤਿਕ ਪ੍ਰਭਾਵ, ਬੱਚੇ ਦੇ ਰਾਜਨੀਤਿਕ ਵਿਚਾਰਾਂ ਨੂੰ ਅਪ੍ਰਤੱਖ ਰੂਪ ਵਿਚ ਪ੍ਰਭਾਵਿਤ ਕਰਦਾ ਹੈ।

## ਜੰਨ-ਸੰਚਾਰ ਮਾਧਿਅਮ ਦਾ ਪ੍ਰਭਾਵ (Role of Mass-Media)

ਜਨ-ਸੰਚਾਰ ਸਾਧਨ ਅਵਿਅਕਤੀਗੱਤ/ਅਨਿੱਜੀ ਸੰਚਾਰ ਦੇ ਮਾਧਿਅਮ ਹਨ। ਇਹ ਵਿਅਕਤੀਆਂ ਵਿਚਕਾਰ, ਕਿਸੇ ਸਾਧਨ ਦੁਆਰਾ ਸੰਬੰਧ ਸਥਾਪਿਤ ਕਰਨ ਲਈ ਵਰਤੋਂ ਵਿੱਚ ਲਿਆਂਦੇ ਜਾਂਦੇ ਹਨ। ਇਹ ਸੰਸਾਰ ਦੇ ਉਹ ਮਾਧਿਅਮ ਜਾਂ ਉਪਕਰਨ ਹਨ ਜੋ ਇੱਕ ਵੱਡੀ ਗਿਣਤੀ ਦੇ ਲੋਕਾਂ ਤੱਕ ਪਹੁੰਚਦੇ ਹਨ ਤਾਂ ਜੋ ਉਨ੍ਹਾਂ ਨੂੰ ਕੋਈ ਸਾਂਝਾ ਸੁਨੇਹਾ ਜਾਂ ਇਤਲਾਹ ਦਿੱਤੀ ਜਾ ਸਕੇ। ਇਸਦਾ ਵਿਸ਼ਾ-ਵਸਤੂ, ਅਖ਼ਬਾਰ ਦੀ ਤਰ੍ਹਾਂ ਪ੍ਰਿੰਟ ਵੀ ਹੋ ਸਕਦਾ ਹੈ ਜਾਂ ਇਹ ਰੇਡੀਉ, ਟੀ.ਵੀ. ਅਤੇ ਸਿਨੇਮਾ ਆਦਿ ਦੀ ਸ਼ਕਲ ਵੀ ਅਖਤਿਆਰ ਕਰ ਸਕਦਾ ਹੈ।

ਪਹਿਲੇ ਸਮੇਂ ਵਿੱਚ, ਬੱਚਿਆਂ ਲਈ ਸੰਚਾਰ ਦਾ ਇੱਕੋ ਇੱਕ ਸਾਧਨ ਅਧਿਆਪਕ ਹੀ ਹੁੰਦਾ ਸੀ। ਉਹ ਬੱਚਿਆਂ ਨੂੰ ਜ਼ਬਾਨੀ/ਮੌਖਿਕ ਰੂਪ ਵਿੱਚ ਪੜ੍ਹਾਉਂਦਾ ਸੀ। ਸਮਾਂ ਬੀਤਣ ਨਾਲ, ਪ੍ਰਿੰਟਿੰਗ ਪ੍ਰੈੱਸ ਦੀ ਕਾਢ ਨਾਲ, ਪੁਸਤਕਾਂ ਦੀ ਛਪਾਈ ਆਰੰਭ ਹੋ ਗਈ। ਫਿਰ ਅਖ਼ਬਾਰ ਆਏ। ਹੁਣ ਕੁੱਝ ਸਮੇਂ ਤੋਂ ਨਵੇਂ ਜਨ-ਸੰਚਾਰ ਸਾਧਨ ਜਿਵੇਂ ਕਿ ਰੇਡੀਉ, ਟੀ.ਵੀ. ਕੰਪਿਊਟਰ ਆਦਿ ਸਿੱਖਿਆ ਵਿੱਚ, ਬਹੁਤ ਮਾਤਰਾ ਵਿੱਚ ਵਰਤੇ ਜਾ ਰਹੇ ਹਨ। ਇਨ੍ਹਾਂ ਦੀ ਪਹੁੰਚ ਬਹੁਤ ਸਾਰੇ ਲੋਕਾਂ ਤੱਕ ਹੈ ਅਤੇ ਇਹ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਵਿੱਚ ਵੀ ਸਹਾਇਤਾ ਕਰਦੇ ਹਨ।

### ਜਨ-ਸੰਚਾਰ ਸਾਧਨਾਂ ਦੀਆਂ ਕਿਸਮਾਂ (Types of Mass-Media)

ਮੌਜੂਦਾ ਜਨ-ਸੰਚਾਰ ਸਾਧਨਾਂ ਨੂੰ ਦੋ ਮੁੱਖ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:

1) **ਪ੍ਰਿੰਟ ਸੰਚਾਰ ਸਾਧਨ**- ਇਹਨਾਂ ਵਿੱਚ ਸ਼ਾਮਲ ਹਨ- ਪੁਸਤਕਾਂ, ਅਖ਼ਬਾਰਾਂ, ਮੈਗਜ਼ੀਨ, ਜਨਰਲ, ਐਟਲਸ, ਪੈਂਫਲਿਟ, ਸ਼ਬਦ-ਕੋਸ਼, ਵਿਸ਼ਵਕੋਸ਼, ਫਲੈਸ ਕਾਰਡ, ਆਦਿਕ।
2) **ਨਾਨ-ਪ੍ਰਿੰਟ ਸੰਚਾਰ ਸਾਧਨ**-ਇਨ੍ਹਾਂ ਸੰਚਾਰ ਸਾਧਨਾਂ ਵਿੱਚ ਰੇਡੀਉ, ਟੀ.ਵੀ., ਕੰਪਿਊਟਰ, ਵੀਡੀਓ ਡਿਸਨ, ਚਲਚਿਤਰ, ਟੇਪਰਿਕਾਰਡ, ਸਲਾਈਡ ਪ੍ਰੋਜੈਕਟਰ, ਫਿਲਮ ਪ੍ਰੋਜੈਕਟਰ, ਵੀਡੀਓ ਟੈਕਸਟ, ਟੈਲੀਟੈਕਸਟ ਆਦਿ ਸ਼ਾਮਲ ਹਨ।

### ਜਨ-ਸੰਚਾਰ-ਸਿੱਖਿਆ ਦਾ ਇੱਕ ਸਾਧਨ (Mass-Media as an Agency of Education)

#### 1. ਨਵੀਨ ਤੇ ਤਾਜ਼ਾ ਸੂਚਨਾ (Upto date Information)

ਜਨ-ਸੰਚਾਰ ਸਾਧਨ ਤਾਜ਼ੀ ਤੇ ਚਲੰਤ ਜਾਣਕਾਰੀ, ਵਿਦਿਆਰਥੀਆਂ ਨੂੰ ਮੁਹੱਈਆ ਕਰਵਾਉਂਦੇ ਹਨ। ਨਵੀਨ ਕਾਢਾਂ, ਲੱਭਤਾਂ, ਆਵਿਸ਼ਕਾਰਾਂ, ਖੋਜਾਂ ਤੇ ਤਕਨੀਕਾਂ ਬਾਰੇ ਸੂਚਨਾ ਤੇ ਜਾਣਕਾਰੀ, ਇਨ੍ਹਾਂ ਸੰਚਾਰ ਸਾਧਨਾਂ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਸਾਹਿਤ, ਵਿਗਿਆਨ, ਤਕਨੀਕੀ, ਦਵਾਈਆਂ, ਉਦਯੋਗਿਕ, ਕਾਮਰਸ, ਖੇਤੀਬਾੜੀ ਆਦਿ ਬਾਰੇ ਨਵੀਨ ਤੇ ਆਧੁਨਿਕਤਮ ਜਾਣਕਾਰੀ, ਜਨ-ਸੰਚਾਰ ਮਾਧਿਅਮਾਂ ਦੁਆਰਾ ਦਿੱਤੀ ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

#### 2. ਸਮਾਜੀਕਰਨ (Socialization)

ਸੰਚਾਰ ਸਾਧਨ, ਇਕਦਮ ਕੱਪੜਿਆਂ, ਸੰਗੀਤ, ਗੀਤਾਂ, ਕਲਾ, ਭਾਸ਼ਾਵਾਂ, ਵਾਲਾਂ ਦੇ ਸਟਾਈਲ ਤੇ ਇੱਥੋਂ ਤੱਕ ਕਿ ਜੀਵਨ-ਸ਼ੈਲੀ ਬਾਰੇ ਨਵੀਨ ਢੰਗ ਤੇ ਫੈਸ਼ਨਾਂ ਦਾ ਸੰਚਾਰ ਕਰਦੇ ਹਨ। ਇੱਕ ਦੇਸ਼ ਦੇ ਨੌਜਵਾਨਾਂ ਵਿੱਚ ਵੀ ਵਾਪਰ ਰਿਹਾ ਹੈ, ਇੱਕਦਮ ਦੂਸਰੇ ਦੇਸ਼ਾਂ ਦੇ ਨੌਜਵਾਨਾਂ ਕੋਲ ਪਹੁੰਚ ਜਾਂਦਾ ਹੈ। ਰੇਡੀਉ, ਟੈਲੀਵਿਜ਼ਨ ਆਦਿ ਨਾਲ ਪਹੁੰਚੀ ਇਹ ਸੂਚਨਾ, ਨੌਜਵਾਨਾਂ ਦੀ ਸੋਚਣੀ ਤੇ ਰਹਿਣ-ਸਹਿਣ ਦੀ ਸ਼ੈਲੀ ਉੱਤੇ ਬਹੁਤ ਪ੍ਰਭਾਵ ਪਾਉਂਦੀ ਹੈ। ਇਸਤੋਂ ਬਚਣਾ ਮੁਸ਼ਿਕਲਾਂ ਹੀ ਨਹੀਂ, ਸਗੋਂ ਅਸੰਭਵ ਹੈ।

**3. ਜਨ-ਸਧਾਰਨ ਲਈ ਸਿੱਖਿਆ (Education for the masses)**

ਜਨ-ਸੰਚਾਰ ਸਾਧਨ ਜਨ-ਸਧਾਰਨ ਨੂੰ ਸਿੱਖਿਆ ਪ੍ਰਦਾਨ ਕਰਦੇ ਹਨ ਕਿਉਂਕਿ ਇਹਨਾਂ ਦੀ ਪਹੁੰਚ ਦੂਰ-ਦੂਰ ਤੱਕ ਹੁੰਦੀ ਹੈ। ਇਹ ਸਿੱਖਿਆ, ਜਨ-ਸਧਾਰਨ ਤੱਕ ਬਿਨ੍ਹਾਂ ਕਿਸੇ ਜਾਤੀ, ਨਸਲ, ਰੰਗ, ਲਿੰਗ ਆਦਿ ਦੇ ਭਿੰਨ-ਭਿੰਨ ਭਾਵ ਤੇ ਪੱਖਪਾਤ ਤੋਂ ਹਰ ਖੇਤਰ ਵਿੱਚ ਪਹੁੰਚਦੀ ਹੈ।

**4. ਨਿਰੰਤਰ ਸਿੱਖਿਆ (Continuing Education)**

ਜਨ-ਸੰਚਾਰ ਸਾਧਨ, ਜੀਵਨ-ਭਰ ਲਈ ਸਿੱਖਿਆ (Life-long education) ਦੇ ਸੋਮੇ ਹਨ। ਇਹ ਇੱਕ ਪਾਸੇ ਨਿਰੰਤਰ ਸਿੱਖਿਆ ਪ੍ਰਦਾਨ ਕਰਦੇ ਹਨ, ਦੂਸਰੇ ਪਾਸੇ ਸੇਵਾ-ਅਧੀਨ ਅਧਿਆਪਕ, ਕਿੱਤਾਕਾਰ, ਨੌਕਰੀ ਕਰਨ ਵਾਲਿਆਂ ਲਈ ਵਧੇਰੇ ਤੇ ਉੱਚ ਸਿੱਖਿਆ ਦੇ, ਦੂਰਵਰਤੀ ਸਿੱਖਿਆ ਦੁਆਰਾ ਮੌਕੇ ਪ੍ਰਦਾਨ ਕਰਦੇ ਹਨ, ਜਿਹਨਾਂ ਦੁਆਰਾ ਉਹਨਾਂ ਦਾ ਬੌਧਿਕ ਤੇ ਕਿੱਤਾ-ਵਿਕਾਸ ਹੁੰਦਾ ਹੈ।

**5. ਗੈਰ-ਰਸਮੀ ਸਿੱਖਿਆ (Informal Education)**

ਗੈਰ-ਰਸਮੀ ਸਿੱਖਿਆ ਪ੍ਰਦਾਨ ਕਰਨ ਦਾ, ਜਨ-ਸੰਚਾਰ ਸਾਧਨ ਇੱਕ ਮਹੱਤਵਪੂਰਨ ਸਾਧਨ ਹਨ। ਇਹਨਾਂ ਨੂੰ ਇਸ ਮਨੋਰਥ ਲਈ ਪ੍ਰਯੋਗ ਵਿੱਚ ਲਿਆਂਦਾ ਜਾ ਸਕਦਾ ਹੈ, ਟੀ.ਵੀ. ਪਾਠ, ਇਸ ਕਿਸਮ ਦੀ ਸਿੱਖਿਆ ਦੀ ਇੱਕ ਉਦਾਹਰਨ ਹਨ।

**6. ਲੋਕਾਂ ਦੇ ਵਿਚਾਰਾਂ ਵਿੱਚ ਗਤੀਸ਼ੀਲਤਾ (Mobilisation of Public opinion)**

ਸੰਚਾਰ ਸਾਧਨਾਂ ਦੀਆਂ ਗਤੀਸ਼ੀਲਤਾ ਪ੍ਰਦਾਨ ਕਰਨ ਵਾਲੀਆਂ ਸ਼ਕਤੀਆਂ ਬਹੁਤ ਵਧੇਰੇ ਹਨ। ਅਖ਼ਬਾਰਾਂ, ਰੇਡੀਉ ਜਾਂ ਟੈਲੀਵਿਜ਼ਨ ਦੇ ਵਿਗਿਆਪਨ ਤੇ ਘੋਸ਼ਣਾਵਾਂ ਬਹੁਤ ਸਾਰੇ ਲੋਕਾਂ ਨੂੰ ਮਜ਼ਬੂਰ ਕਰ ਦਿੰਦੇ ਹਨ ਕਿ ਉਹ ਲੰਮੇ ਸਫ਼ਰ ਤਹਿ ਕਰਦੇ ਕਿਸੇ ਜਲੂਸ, ਹੜਤਾਲ, ਮੁਹਿੰਮ ਜਾਂ ਨੌਜਵਾਨ ਮੇਲਿਆਂ ਵਿੱਚ ਹਿੱਸਾ ਲੈਣ। ਦੰਗੇ ਤੇ ਅਤਿਵਾਦ ਵਰਗੀਆਂ ਘਟਨਾਵਾਂ ਦੀਆਂ ਰਿਪੋਰਟਾਂ, ਕਈ ਵਾਰ ਪ੍ਰਭਾਵਵਾਦੀ ਨੌਜਵਾਨਾਂ ਤੇ ਕਿਰਿਆ-ਮੁਖੀ ਗੁੱਟਾਂ ਲਈ ਸੰਕੇਤਕ ਸਿਖਲਾਈ ਦਾ ਕੰਮ ਕਰਦੀਆਂ ਹਨ। ਉਪਭੋਗਤਾਵਾਂ ਨੂੰ ਕਿਸੇ ਵਿਸ਼ੇਸ਼ ਉਤਪਾਦ ਦੀਆਂ ਤਸਵੀਰਾਂ ਤੇ ਵਰਤੋਂ ਟੀ.ਵੀ. ਉੱਤੇ ਦਿਖਾ ਕੇ, ਸਾਨੂੰ ਖਰੀਦਣ ਲਈ ਰਾਜ਼ੀ ਕੀਤਾ ਜਾਂਦਾ ਹੈ। ਭਾਵੇਂ ਉਹ ਉਤਪਾਦ, ਕਈ ਵਾਰ, ਇੰਨਾ ਚੰਗਾ ਨਹੀਂ ਹੁੰਦਾ।

**7. ਅਪਹੁੰਚ ਥਾਵਾਂ ਲਈ ਮਾਧਿਅਮ (Media for inaccessible places)**

ਜਨ-ਸੰਚਾਰ ਸਾਧਨਾਂ ਨੇ ਪੁਲਾੜ ਤੇ ਦੂਰੀ ਉਪਰ ਜਿੱਤ ਪ੍ਰਾਪਤ ਕਰ ਲਈ ਹੈ। ਇਹ ਇਨ੍ਹਾਂ ਥਾਵਾਂ 'ਤੇ ਵੀ ਸਿੱਖਿਆ ਪਹੁੰਚਾ ਸਕਦੇ ਹਨ, ਜਿੱਥੇ ਪਹੁੰਚਣਾ ਸਕਦੇ ਹਨ, ਜਿੱਥੇ ਪਹੁੰਚਣਾ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਹੈ। ਜਿਵੇਂ ਦੂਰ-ਦੁਰਾਂਡੀਆਂ ਥਾਵਾਂ, ਖਤਰਨਾਕ ਤੇ ਪਹਾੜੀ ਖੇਤਰ ਆਦਿਕ।

**8. ਸਿੱਖਣ ਅਨੁਭਵਾਂ ਵਿੱਚ ਗੁਣਵੱਤਾ (Quality in learning Experience)**

ਜਨ-ਸੰਚਾਰ ਸਾਧਨਾਂ ਦੁਆਰਾ ਮਿਲੀ ਵਿਸ਼ਾ-ਵਸਤੂ ਸਮੱਗਰੀ ਵਿੱਚ ਵੰਨ-ਸੁਵੰਨਤਾ ਹੁੰਦੀ ਹੈ। ਜਨ-ਸੰਚਾਰ ਸਾਧਨ ਵਿਦਿਆਰਥੀਆਂ ਲਈ ਦਿੱਤੇ ਜਾਂਦੇ ਸਿੱਖਣ ਅਨੁਭਵਾਂ ਵੀ ਗੁਣਵੱਤਾ ਨੂੰ ਪ੍ਰਭਾਵਿਤ ਕਰਦੇ ਹਨ। ਇਹ ਸੰਚਾਰ ਦੀ ਸਧਾਰਨ ਸੀਮਾਂ ਵਿੱਚ ਵਿਸਥਾਰ ਲਿਆਉਂਦੇ ਹਨ, ਜਦੋਂ ਕਿਸੇ ਬਾਹਰਲੇ ਦੇਸ਼ ਦੀਆਂ ਫ਼ਿਲਮਾਂ, ਵਿਸ਼ੇਸ਼ ਵਿਅਕਤੀਆਂ ਬਾਰੇ ਰੀਡੀਉ ਟੇਪਾਂ, ਅਤੇ ਮਹੱਤਵਪੂਰਨ ਘਟਨਾਵਾਂ ਦਾ ਸਿੱਧਾ ਪ੍ਰਸਾਰਨ, ਰੇਡੀਉ ਜਾਂ ਟੀ.ਵੀ. ਉੱਪਰ ਦਿਖਾਇਆ ਜਾਂਦਾ ਹੈ। ਵਿਦਿਆਰਥੀ ਘਰ ਬੈਠੇ ਇਹਨਾਂ ਬਾਰੇ ਗਿਆਨ ਪ੍ਰਾਪਤ ਕਰ ਸਕਦੇ ਹਨ।

**9. ਬਹੁਤੇ ਲੋਕਾਂ ਤੱਕ ਪਹੁੰਚ (Large accessibility)**

ਜਨ-ਸੰਚਾਰ ਸਾਧਨ, ਜਿਵੇਂ ਕਿ ਫ਼ਿਲਮਾਂ ਤੇ ਟੈਲੀਵਿਜ਼ਨ, ਅਧਿਆਪਕਾਂ ਨੂੰ ਇਸ ਯੋਗ ਬਣਾਉਂਦੇ ਹਨ ਕਿ ਉਹ ਇੱਕ ਵੱਡੀ ਗਿਣਤੀ ਦੇ ਵਿਦਿਆਰਥੀਆਂ ਨੂੰ ਇੱਕੋ ਸਮੇਂ ਸੂਚਨਾਵਾਂ ਦਾ ਸੰਚਾਰ ਕਰ ਸਕੇ। ਦੋ ਜਾਂ ਤਿੰਨ ਸ਼ਰੇਣੀਆਂ ਨੂੰ ਇੱਕੋ ਸਮੇਂ ਇਕੱਠੇ ਕਰਕੇ, ਕਿਸੇ ਵੱਡੇ ਕਮਰੇ ਵਿੱਚ ਇਨ੍ਹਾਂ ਦੁਆਰਾ ਸਿੱਖਿਆ ਦਿੱਤੀ ਜਾ ਸਕਦੀ ਹੈ। ਇਸ ਪ੍ਰਕਾਰ, ਸੰਚਾਰ ਸਾਧਨਾਂ ਨੇ ਅਧਿਆਪਕ ਦੇ ਪ੍ਰਭਾਵ ਵਿੱਧ ਵਾਧਾ ਕਰ ਦਿੱਤਾ ਹੈ।

**10. ਬਹੁ-ਇੰਦਰੀ ਸੰਵੇਦਨਾ (Multisensory Stimuli)**

ਜਨ-ਸਧਾਰਨ ਸਾਧਨਾਂ ਦੀ ਸਿੱਖਿਆ ਵਿੱਚ ਵਰਤੋਂ ਕਾਰਨ, ਅਧਿਆਪਕ ਤੇ ਵਿਦਿਆਰਥੀਆਂ, ਦੋਹਾਂ ਦਾ ਸਮਾਂ ਤੇ ਖਰਚਾ ਬੱਚਦਾ ਹ। ਇਨ੍ਹਾਂ ਨੇ ਸਮੇਂ ਨੂੰ ਜਿੱਤ ਲਿਆ ਹੈ। ਵਰਤਮਾਨ ਸਮੇਂ ਵਿੱਚ, ਸਿੱਖਿਆ ਦਾ ਪ੍ਰਸਾਰ ਕਰਨ ਦੇ ਇਹ ਸੱਭ ਤੋਂ ਤੇਜ਼ ਤੇ ਚੁਸਤ ਸਾਧਨ ਸਿੱਧ ਹੋਏ ਹਨ।

**11. ਸੰਚਿਤ ਬੈਂਕਾਂ (Storage Banks)**

ਮੀਡੀਆ ਦੁਆਰਾ ਸੂਚਨਾਵਾਂ ਤੇ ਗਿਆਨ ਨੂੰ ਤਸਵੀਰਾਂ, ਦੇਖਣ ਤੇ ਸੁਣਨ ਟੇਪਾਂ, ਡਿਸਕਾਂ, ਫ਼ਿਲਮਾਂ ਤੇ ਸਲਾਈਡਾਂ ਦੁਆਰਾ ਸੰਚਿਤ (Store) ਕੀਤਾ ਜਾ ਸਕਦਾ ਹੈ। ਇਹਨਾਂ ਨੂੰ ਸ਼ਰੇਣੀ ਕਮਰੇ ਵਿੱਚ ਮਸ਼ੀਨਾਂ ਦੁਆਰਾ ਕਿਸੇ ਵੀ ਸਮੇਂ, ਫਿਰ ਦੁਬਾਰਾ ਦੇਖਿਆ ਤੇ ਸੁਣਿਆ ਜਾ ਸਕਦਾ ਹੈ। ਇਸ ਪ੍ਰਕਾਰ, ਸੰਚਾਰ ਸਾਧਨ ਸਿੱਖਿਆ ਲਈ ਸੰਚਿਤ ਬੈਂਕਾਂ ਦਾ ਕਾਰਜ ਵੀ ਕਰਦੇ ਹਨ। ਇਨ੍ਹਾਂ ਦੁਆਰਾ ਸੰਚਿਤ ਗਿਆਨ ਖਰਾਬ ਨਹੀਂ ਹੁੰਦਾ।

**12. ਅਧਿਆਪਕ ਦੀ ਭੂਮਿਕਾ ਵਿਚ ਪਰਿਵਰਤਨ (Change in Teacher's Role)**

ਸ਼ਰੇਣੀ ਵਿੱਚ ਸੰਚਾਰ ਸਾਧਨਾਂ ਦੇ ਉਪਯੋਗ ਨਾਲ ਅਧਿਆਪਕ ਦੀ ਭੂਮਿਕਾ ਵਿੱਚ ਪਰਿਵਰਤਨ ਆ ਗਿਆ ਹੈ। ਹੁਣ ਉਸਨੇ ਸ੍ਰੋਤ ਵਿਅਕਤੀ, ਇੱਕ ਅਗਵਾਈਕਾਰ, ਅਤੇ ਸਲਾਹਕਾਰ ਜਾ ਸੁਵਿਧਾਕਾਰ ਦੀ ਭੂਮਿਕਾ ਪ੍ਰਾਪਤ ਕਰ ਲਈ ਹੈ, ਜਦੋਂ ਕਿ ਉਸਦੀ ਪੁਰਾਣੀ ਭੂਮਿਕਾ ਇੱਕ ਸੂਚਨਾ ਵੰਡਣ ਵਾਲੇ ਵਿਅਕਤੀ ਵਾਲੀ ਸੀ।

**13. ਸਮੇਂ ਦੀ ਬੱਚਤ ਤੇ ਘੱਟ ਖਰਚਾ (Time saving and Econimical)**ਜਨ ਸੰਚਾਰ ਸਾਧਨਾਂ ਦੀ ਸਿੱਖਿਆ ਵਿੱਚ ਵਰਤੋਂ ਕਾਰਨ, ਅਧਿਆਪਕ ਤੇ ਵਿਦਿਆਰਥੀਆਂ ਦਾ ਸਮਾਂ ਤੇ ਖਰਚਾ ਵਧ ਜਾਂਦਾ ਹੈ। ਅਤੇ ਕੰਮ ਜਲਦੀ ਹੋ ਜਾਂਦਾ ਹੈ।

**14. ਮਨਪ੍ਰਚਾਵੇ ਦੇ ਸਾਧਨ (Receational Value)**

ਵਿਦਿਆਰਥੀਆਂ ਲਈ ਜਨ-ਸੰਚਾਰ ਸਾਧਨ ਮਨਪ੍ਰਚਾਵੇ ਤੇ ਪ੍ਰੇਰਨਾਦਾਇਕ ਸਾਧਨਾਂ ਦਾ ਕੰਮ ਵੀ ਕਰਦੇ ਹਨ। ਇਹਨਾਂ ਦੀ ਵਰਤੋਂ ਨਾਲ ਵਿਦਿਆਰਥੀ ਦਿਲਚਸਪੀ ਨਾਲ ਪੜ੍ਹਦੇ ਹਨ ਤੇ ਊਬਦੇ ਨਹੀਂ। ਇਸ ਪ੍ਰਕਾਰ, ਜਨ-ਸੰਚਾਰ ਸਾਧਨ, ਸਿੱਖਿਆ ਦਾ ਇੱਕ ਲਾਭਦਾਇਕ ਸਾਧਨ, ਸਿੱਧ ਹੁੰਦੇ ਹਨ।

## 1.5.6 ਸਭਿਆਚਾਰ ਦੀ ਭੂਮਿਕਾ (Role of Culture)

ਹਰੇਕ ਸਭਿਆਚਾਰ ਦੇ ਆਪਣੇ ਰਸਮੋ-ਰਿਵਾਜ, ਰਹਿਣ ਸਹਿਣ, ਮਾਨਤਾਵਾਂ, ਧਰਮ-ਕਰਮ ਦੇ ਢੰਗ ਹੁੰਦੇ ਹਨ। ਮਨੁੱਖ ਜਿਸ ਸਭਿਆਚਾਰ ਦੇ ਵਿੱਚ ਜਨਮ ਲੈਦਾ ਹੈ ਪਲਦਾ ਅਤੇ ਵੱਡਾ ਹੁੰਦਾ ਹੈ। ਉਸਦੀ ਛਾਪ ਉਸਦ ਵਿਅਕਤੀਤੱਵ ਵਿਕਾਸ ਜੇ ਜ਼ਰੂਰ ਪੈਦੀ ਹੈ। ਵਿਅਕਤੀਤਵ ਸਭਿਆਚਾਰ ਦਾ ਦਰਪਣ ਹੈ। (Personality is the mirror of culture). ਕਿਸੇ ਵੀ ਸਮਾਜ ਦਾ ਸਭਿਆਚਾਰ ਵਿਅਕਤੀ ਤੇ ਵਿਵਹਾਰ ਨੂੰ ਨਿਯੰਤਰਨ ਕਰਦਾ ਹੈ, ਨਿਰਦੇਸ਼ਿਤ ਕਰਦਾ ਹੈ ਤੇ ਉਸ ਵਿਚ ਪਰਿਵਤਰਨ ਲਿਆਦਾਂ ਹੈ। ਇੱਕ ਬੱਚਾ ਆਪਣੇ ਵਡੇ ਵਡੇਰਿਆ ਤੋਂ ਸਭਿਆਚਾਰ ਪੈਤਰਿਕ ਪੁੰਜੀ ਪ੍ਰਾਪਤ ਕਰਦਾ ਹੈ। ਸਭਿਆਚਾਰ ਮਨੁੱਖ ਵਲੋਂ ਬਣਾਇਆ ਗਿਆ ਵਾਤਾਵਰਨ ਦਾ ਹਿਸਾ ਹੈ (Culture is man mode part of Environment) ਮਨੁੱਖ ਸਭਿਆਚਾਰ ਨੂੰ ਸਿਰਜਦਾ ਹੈ ਅਤੇ ਸਭਿਆਚਾਰ ਦਾ ਸਿਖਿਆਰਥੀ ਹੈ। (Man is creater of culture as well as a lerner of culure) ਰਹਾਇਸੀ ਨਿਵਾਸ ਸਥਾਨ, ਕਪੜੇ, ਸੰਦ, ਵਤੀਰਾਂ, ਆਦਤਾਂ, ਕਰਦਾ ਕੀਮਤਾ ਭਾਸਾ, ਧਰਮ, ਸੰਚਾਰ ਤੇ ਮਾਧਿਅਮ, ਆਵਾਜਾਈ ਤ ਸਾਧਨ ਸਬ ਮਨੁੱਖ ਦੁਆਰਾ ਬਣਾਈਆ ਗਈਆਂ ਵਸਤਾਂ ਹਨ। ਮਨੁੱਖ ਸਭਿਆਚਾਰ ਪੈਦਾ ਕਰਦਾ ਹੈ, ਤੇ ਇੱਕਠੀਆਂ ਕਰਦਾ ਹੈ ਤੇ ਆਉਣ ਵਾਲੀ ਵੰਸ ਨੂੰ ਪੇਸ਼ ਕਰਦਾ ਹੈ। ਇਸ ਪ੍ਰਕਾਰ ਸਭਿਆਚਾਰ ਪੀੜੀ ਦਰ ਪੀੜੀ ਚਲਦਾ ਰਹਿੰਦਾ ਹੈ।

## ਸਭਿਆਚਾਰ ਦਾ ਪ੍ਰਭਾਵ (Culture on Education)

ਸਿੱਖਿਆ ਤੇ ਸਭਿਆਚਾਰ ਦਾ ਇੱਕ ਦੂਜੇ ਨਾਲ ਅਨਿਖੜਵਾ ਸੰਬੰਧ ਹੈ। ਕਿਸੇ ਵੀ ਸਮਾਜ ਦੀ ਅਧਿਆਪਨ ਪ੍ਰਣਾਲੀ ਤੇ ਸਭਿਆਚਾਰ ਦਾ ਅਸਰ ਪੈਂਦਾ ਹੈ। ਜੇਕਰ ਇੱਕ ਸਮਾਜ ਦਾ ਸਭਿਆਚਾਰ ਅਧਿਆਤਮਿਕ ਮੁੱਲਾ (spritiual values) ਤੇ ਆਧਾਰਿਤ ਹੈ ਤਾਂ ਉਸਦੀ ਸਿੱਖਿਆ ਪ੍ਰਣਾਲੀ ਜ਼ਿੰਦਗੀ ਦੀਆਂ ਨੈਤਿਕ ਤੇ ਅਧਿਆਤਮਿਕ ਕੀਮਤਾਂ ਤੇ ਜ਼ੋਰ ਪਾਵੇਗੀ।

**1. ਪਾਠਕ੍ਰਮ (Curriculum)**

ਸਿੱਖਿਆ ਦੇ ਟੀਚੇ (aims) ਪਾਠਕ੍ਰਮ ਤੋਂ ਆਧਾਰਿਤ ਹਨ। ਜਿਸ ਤਰ੍ਹਾਂ ਸਿੱਖਿਆ ਦੇ ਟੀਚੇ ਸਮਾਜ ਦੇ ਸਭਿਆਚਾਰ ਦੇ ਅਨੁਸਾਰ ਨਿਰਧਾਰਿਤ ਕੀਤੇ ਜਾਂਦੇ ਹਨ। ਉਸੇ ਤਰ੍ਹਾਂ ਸਿਲੇਬਸ ਵੀ ਸਮਾਜ ਦੇ ਸੱਭਿਆਚਾਰ ਦੇ ਅਨੁਸਾਰ ਨਿਰਧਾਰਿਤ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਸਿਖਿਆ ਪ੍ਰਣਾਲੀ ਪਾਠਕ੍ਰਮ ਰਾਹੀਂ ਸਮਾਜ ਦੀਆਂ ਸਭਿਆਚਾਰਕ ਲੋੜਾਂ ਦੀ ਪੂਰਤੀ ਕਰਨ ਦੀ ਕੋਸ਼ਿਸ਼ ਕਰਦੀ ਹੈ।

**2. ਅਧਿਆਪਨ ਦੇ ਤਰੀਕੇ (Methods of teaching)**

ਸਭਿਆਚਾਰ ਤੇ ਅਧਿਆਪਨ ਦੇ ਤਰੀਕੇ ਇੱਕ ਦੂਜੇ ਨਾਲ ਜੁੜੇ ਹੋਏ। ਸਮਾਜ ਦੇ ਬਦਲਦੇ ਸੱਭਿਆਚਾਰ ਦਾ ਅਧਿਆਪਨ ਤਰੀਕਿਆਂ ਤੇ ਬਹੁਤ ਢੰਗਾ ਅਸਰ ਪੈਂਦਾ ਹੈ। ਪੁਰਾਤਨ ਸਮੇਂ ਵਿਚ ਸਿੱਖਿਆ ਅਧਿਆਪਕ ਕੇਂਦਰਿਤ ਸੀ। ਪਰੰਤੂ ਅਜੋਕੇ ਯੁਗ ਵਿਚ ਸਿੱਖਿਆ ਵਿੱਦਿਆਰਥੀ ਕੇਂਦਰਿਤ ਤੋ ਗਈ ਹੈ। ਅੱਜ ਦੇ ਯੁਗ ਵਿਚ ਬੱਚਿਆਂ ਦੀਆਂ ਜ਼ਰੂਰਤਾਂ ਤੇ problems ਨੂੰ ਧਿਆਨ ਵਿਚ ਰੱਖਕੇ ਪੜ੍ਹਾਇਆ ਜਾਂਦਾ ਹੈ ਕਿਉਂਕਿ ਹੁਣ ਵਿਦਆਿਰਥੀ ਸਿੱਖਿਆ ਦਾ ਕੇਂਦਰ ਬਿੰਦੂ ਹੈ।

**3. ਅਨੁਸ਼ਾਸਨ (Discipline)**

ਸੱਭਿਆਚਾਰ ਅਨੁਸ਼ਾਸਨ ਦੇ ਸੰਕਲਪ ਤੇ ਵੀ ਡੂੰਘਾ ਅਸਰ ਪਾਉਂਦਾ ਹੈ ਪੁਰਾਤਨ ਤੇ ਮੱਧਯੁਗ ਵਿਚ ਸਮਾਜ (authoritarian) ਸੀ। ਇਸ ਲਈ ਬਹੁਤ ਜ਼ਿਆਦਾ ਸਖ਼ਤ (strict) ਹੁੰਦਾ ਸੀ। ਪਰੰਤੂ ਅਜੋਕੇ ਯੁਗ ਦੇ ਸਾਈਕੋਲੋਜਿਸਟ ਆਤਮ ਅਨੁਸ਼ਾਸਨ ਤੇ ਜ਼ੋਰ ਦਿੰਦੇ ਹਨ। Democratic Society ਦੇ ਵਿਚ ਸਮਾਜਿਕ discipline ਜਾਂ ਆਤਮ ਅਨੁਸ਼ਾਸਨ ਤੇ ਜ਼ੋਰ ਦਿੰਦੇ ਹਨ।

**3. ਅਧਿਆਪਕ (Teacher)**

ਹਰੇਕ ਅਧਿਆਪਕ ਦੀ ਆਪਣੀ ਜ਼ਿੰਦਗੀ ਦਾ ਫਲਸਫਾ ਹੁੰਦਾ ਹੈ, ਸੱਭਿਆਚਾਰ ਹੁੰਦਾ ਹੈ, ਸੰਸਕਾਰ ਤੇ ਕੀਮਤਾਂ ਹੁੰਦੀਆਂ ਹਨ। ਉਸਦੀ ਜ਼ਿੰਦਗੀ ਦੇ ਫਲਸਫੇ ਤੇ ਉਸ ਸਮੇਂ ਦਾ ਸਭਿਆਚਾਰ ਅਸਰ ਪਾਉਂਦਾ ਹੈ। ਅਧਿਆਪਕ ਸਮੂਚੀ ਸਿੱਖਿਆ ਪ੍ਰਣਾਲੀ ਦਾ ਬਹੁਤ ਵੀ ਬਹੁਮੁਲਾ ਅੰਗ ਹੁੰਦਾ ਹੈ। ਉਹ ਭਵਿੱਖ ਸਭਿਆਚਾਰ ਦਾ ਨਿਰਮਾਤਾ ਹੁੰਦਾ ਹੈ। ਇਹ ਅਧਿਆਪਕ ਦਾ ਫਰਜ਼ ਬਣਦਾ ਹੈ ਕਿ ਉਹ ਬੱਚਿਆਂ ਦੇ ਵਿਚ ਇੱਕ ਚੰਗੀਆਂ ਆਦਤਾ, ਸੰਸਕਾਰ ਤੇ ਕਦਰਾਂ-ਕੀਮਤਾਂ ਪੈਦਾ ਕਰੇ ਰਸਮੀ ਤੇ ਗੈਰ-ਰਸਮੀ ਸਿੱਖਿਆ ਦੁਆਰਾ, ਤਾਂ ਹੀ ਬੱਚੇ ਆਪਣੇ ਆਪਨੂੰ ਸਮਾਜ ਦੇ ਸਭਿਆਚਾਰ ਦੀਆਂ ਜ਼ਰੂਰਤਾਂ ਦੇ ਮੁਤਾਬਿਕ ਸਮਾਯੋਜਨ ਕਰ ਸਕਨਗੇ।

**ਸਾਰ :-**

ਕਿਸ਼ੋਰ ਅਵਸਥਾ ਮਨੁੱਖੀ ਵਿਕਾਸ ਦਾ ਬਹੁਤ ਹੀ ਮਹੱਤਵਪੂਰਣ ਪੜ੍ਹਾਅ ਹੈ। ਕਿਸ਼ੋਰਾਂ ਦੇ ਵਿਕਾਸ ਵਿਚ ਵੱਖ-ਵੱਖ ਏਜੰਸੀਆਂ ਆਪਣੀ ਵੱਖ-ਵੱਖ ਭੂਮਿਕਾ ਨਿਭਾਉਂਦੀਆਂ ਹਨ। ਪਰਿਵਾਰ ਇੱਕ ਕਰਿਆਸ਼ੀਲ ਅਤੇ ਗੈਰ-ਰਸਮੀ ਵਿਕਾਸ ਦਾ ਸਾਧਨ ਹੈ। ਜਿਥੋਂ ਬੱਚੇ ਵਿੱਚ ਪਿਆਰ, ਹਮਦਰਦੀ, ਆਦਰ ਆਦਿ ਦੇ ਨਾਲ-ਨਾਲ ਸਰੀਰਕ, ਮਾਨਸਿਕ, ਨੈਤਿਕ ਅਤੇ

ਧਾਰਮਿਕ ਵਿਕਾਸ ਵੀ ਹੁੰਦਾ ਹੈ। ਸਕੂਲ ਵੀ ਗੈਰ-ਰਸਮੀ ਸਾਧਨ ਹੈ ਜਿਥੇ ਬੱਚੇ ਦੇ ਚਰਿੱਤਰ , ਮਾਨਸਿਕ ਸ਼ਕਤੀਆਂ , ਵਿਵਸਾਇਕ ਦੇ ਉਦਯੋਗਿਕ ਸਿੱਖਿਆ ਅਤੇ ਰਚਾਨਾਤਮਿਕ ਸ਼ਕਤੀਆਂ ਦਾ ਵਿਕਾਸ ਹੁੰਦਾ ਹੈ। ਸਮੁਦਾਇ ਵੀ ਇਕ ਗੈਰ-ਰਸਮੀ ਸਿੱਖਿਆ ਸਾਧਨ ਹੈ ਜ਼ੋ ਕਿਸ਼ੋਰਾਂ ਦੇ ਵਿਕਾਸ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਬੱਚੇ ਨੂੰ ਰਸਮਾਂ ਰਿਵਾਜਾਂ ਅਤੇ ਪਰੰਪਰਾਵਾਂ ਵੀ ਸੰਭਾਲ ਕਰਨਾ, ਨੈਤਿਕ ਅਤੇ ਅਧਿਆਤਮਿਕ ਮੁੱਲਾਂ ਨੂੰ ਗ੍ਰਹਿਣ ਕਰਾਉਣਾ, ਰਾਜਨੀਤਿਕ ਵਿਕਾਸ ਅਤੇ ਸੰਸਕ੍ਰਿਤਿਕ ਵਿਕਾਸ ਕਰਨ ਵਿਚ ਮਦਦ ਕਰਦਾ ਹੈ। ਇਸੇ ਪ੍ਰਕਾਰ ਜਨ-ਸੰਚਾਰ ਅਤੇ ਸਭਿਆਚਾਰ ਵੀ ਮੁੱਖ ਏਜੰਸੀਆਂ ਹਨ ਜੋ ਕਿਸ਼ੋਰ ਅਵਸਥਾ ਵਿੱਚ ਸੱਚੇ ਦੇ ਸਰੀਰਕ, ਮਾਨਸਿਕ ਆਦਿ ਵਿਕਾਸ ਵਿਚ ਸਹਿਯੋਗ ਕਰਦੇ ਹਨ। ਇਸ ਤੋਂ ਇਲਾਵਾ ਸਿੱਖਿਆ ਵਿਚ ਅਧਿਆਪਕ ਪਾਠਕ੍ਰਮ, ਅਧਿਆਪਨ ਦੇ ਤਰੀਕੇ, ਅਨੁਸ਼ਾਧਨ ਆਦਿ ਵੀ ਬੱਚੇ ਦੇ ਵਿਕਾਸ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ।

### 1.5.8 ਮੁੱਖ ਨੁਕਤੇ :-

**– ਪਰਿਵਾਰ ਦੇ ਕਾਰਜ**

**–ਸਕੂਲ ਦੇ ਕਾਰਜ**

**–ਸਭਿਆਚਾਰ ਅਤੇ ਸਮੁਦਾਇ ਦੀ ਭੂਮਿਕਾ**

### 1.5.9 ਸਵੈ-ਮੁਲਾਂਕਣ ਅਭਿਆਸ :-

1. ਪਰਿਵਾਰ ਇੱਕ ......ਵਿਕਾਸ ਦਾ ਸਾਧਨ ਹੈ।

2. ਸਿੱਖਿਆ ਪ੍ਰਣਾਲੀ ....ਰਾਹੀਂ ਸਮਾਜ ਦੀਆਂ ਸਭਿਆਚਾਰਕ ਲੋੜਾਂ ਦੀ ਪੂਰਤੀ ਕਰਦੀ ਹੈ।

3. ਅਧਿਆਪਕ ਸਿੱਖਿਆ ਪ੍ਰਣਾਲੀ ਦਾ ਬਹੁਮੁਲਾ ਅੰਗ ਹੋਣ ਦੇ ਨਾਲ-ਨਾਲ ...ਦਾ ਨਿਰਮਾਤਾ ਵੀ ਹੁੰਦਾ ਹੈ।

**ਉੱਤਰ :-** 1. ਗੈਰ-ਰਸਮੀ 2. ਪਾਠਕ੍ਰਮ 3. ਭਵਿੱਖ ਸਭਿਆਚਾਰ

### 1.5.10 ਸੁਝਾਏ ਪ੍ਰਸ਼ਨ :-

1. ਕਿਸ਼ੋਰਾਂ ਦੇ ਵਿਕਾਸ ਵਿੱਚ ਪਰਿਵਾਰ ਦੇ ਕੀ ਕਾਰਜ ਹਨ ?

2. ਕਿਸ਼ੋਰਾਂ ਦੇ ਵਿਕਾਸ ਵਿੱਚ ਸਕੂਲ ਕੀ ਭੂਮਿਕਾ ਨਿਭਾਉਂਦਾ ਹੈ?

3. ਕਿਸ਼ੋਰਾਂ ਦੇ ਵਿਕਾਸ ਵਿੱਚ ਜੰਨ-ਸੰਚਾਰ ਕੀ ਭੂਮਿਕਾ ਨਿਭਾਉਂਦਾ ਹੈ?

### 1.5.11 ਸੁਝਾਈਆਂ ਪੁਸਤਕਾਂ :-

1. ਸ਼ਰਕਾ ਮੀਨਾਕਸ਼ੀ-ਉੱਚਤਰ ਸਿੱਖਿਆ ਮਨੋਵਿਗਿਆਨ

2. ਚੌਹਾਨ , ਐਸ. ਐਸ -ਐਡਵਾਂਸਡ ਐਜੂਕੇਸ਼ਨਲ ਸਾਈਕਾਲੋਜੀ

3. ਸੋਢੀ, ਟੀ. ਐਸ ਅਤੇ ਸੋਢੀ, ਐਚ. ਕੇ-ਸਿੱਖਿਅਕ ਅਤੇ ਸਿੱਖਿਆ ਪ੍ਣਾਲੀ ਦਾ ਵਿਕਾਸ

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.